ਸਿਮਰਨ ਸੁਖ ਅਰੁ ਸੁਖਮਨਾ ਨਾੜੀ ਉਰ ਕਮਲ
ਬਿਗਸਾਇਆ

ੴ

ਸੁਖਸੇਗ

ਸਰੂਪ ਉਪਦੇਸ਼ ਸਾਰ

ਜਿਸਨੂੰ

ਸੰਤ ਸੰਪੂਰਨ ਸਿੰਘਜੀ ਗ੍ਰੰਥ ਕਰਤਾ

ਦੀ ਆਗਿਆ ਨਾਲ

ਗੁਰਬਖ਼ਸ਼ ਸਿੰਘ ਬ੍ਰਾਦਰਸ
ਚੌਕ ਦਰਬਾਰ ਸਾਹਿਬ ਤਰਨ ਤਾਰਨ ਨੇ
ਛਪਵਾਇਆ ॥
ਭਾਦ੍ਰੋਂ ੧੯੭੭

ਪੰਜਾਬ ਕੁਮਰਸ਼ਲ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ ।

ਪਹਿਲੀ ਵਾਰ

੧ ੳ ਸਤਿਗੁਰ ਪ੍ਰਸਾਦਿ ॥

ਸੂਚੀ ਪੱਤ੍ਰ-ਸੁਖ ਫੇਰ

ਸਫਾ ਵਾਰ

ਪ੍ਰਥਮ ਭਾਗ ਸਮਾਪਤ

ਸੁਖ ਯੋਗ ਦੂਸਰਾ ਭਾਗ

ਦੂਜਾ ਭਾਗ ਸਮਾਪਤ

ਗੂੜ੍ਹੀ ਸਿੱਖੀ

ਸੁਖ ਯੋਗ ਸਮਾਪਤ

ਨੋਟ- ਪਿਆਰੇ ਪਾਠਕ ਜੀ ! ਸੂਚੀ ਪੱਤ੍ਰ ਅਨੁਸਾਰ ਗ੍ਰੰਥ ਵਿਚ ਛਪਨ ਦੇ ਪਹਿਲੇ, ਸਿਰਲੇਖ ਦੇਣੋਂ ਕੁਛ ਸੁਸਤੀ ਆਦ ਕਾਰਣ ਰਹੇ ਹਨ। ਇਸ ਲਈ ਆਪ ਜੋਗ ਲੱਭਨ ਦੀ ਔਖਲ ਬਾਬਤ ਖਿਮਾ ਦਾ ਆਸਾਵੰਦ ਹਾਂ।

ਗ੍ਰੰਥ ਕਰਤਾ

ੴ ਸਤਿਨਾਮੁਕਰਤਾਪੁਰਖ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

ਭੂਮਕਾ

ਵਰਤਮਾਨ ਸਮੇਂ ਦੇ ਲੋਕ ਐਸੇ ਸੁਖ ਰਹਿਨੇ ਹੋ ਗਏ ਹਨ ਕਿ ਕਠਿਨਤਾਈ ਦੇ ਕੰਮ ਦਾ ਤਾਂ ਨਾਮ ਹੀ ਸੁਨਦੇ ਸਾਰ ਕੰਨਾਂ ਨੂੰ ਹੱਥ ਲੌਨ ਲਗ ਜਾਂਦੇ ਹਨ । ਅਤੇ ਚਾਹੁੰਦੇ ਹਨ ਕਿ ਕਿਸੇਤਰਾਂ ਛਾਤੀ ਉਪਰ ਭੀ ਪਿਆ ਬੇਰ, ਕੋਈ ਦੂਸਰਾ ਹੀ ਸਾਡੇ ਮੂੰਹ ਵਿਚ ਪਾ ਦੇਵੇ ਤਾਂ ਖਾ ਹੀ ਲਈਏ । ਜੇਹਾ ਕਿ ਇਹ ਹਾਲ (ਅਸਾਂ ਲੋਕਾਂ ਦਾ) ਵਿਹਾਰੀ ਦਸ਼ਾ ਵਿਖੇ ਹੋਣ ਦੇ ਕਾਰਣ,ਅਸੀਂ ਦੁੱਖਾਂ ਦਾ ਸ਼ਿਕਾਰ ਤੇ ਵਿਜਾਤੀ ਪੁਰਖਾਂ ਦੀ ਚਪੇੜ ਦੀ ਮਾਰ ਦਾ ਥਾਂ ਹੋ ਰਹੇ ਹਾਂ; ਤੈਸਾ ਹੀ ਪਰਮਾਰਥੀ ਵਤੀਰੇ ਵਿੱਚ ਭੀ ਅਸੀਂ ਐਸੇ ਹੀ ਆਲਸੀ ਬਨ ਗਏ ਹਾਂ; ਕਿ ਆਪਨੇ ਅੰਦਰ (ਹਿਰਦੇ ਵਿਖੇ) ਬਿਰਾਜ ਮਾਨ ਉਸ ਪਰਮ ਜੋਤ ਦੇ ਹਾਜ਼ਰ ਨਾਜ਼ਰ ਹੁੰਦਿਆਂ ਭੀ ਅਸੀਂ ਉਸਦੇ ਸਾਖਯਾਤ ਦਰਸ਼ਨਾਂ ਲਈ ਜਤਨ ਤਾਂ ਕੁਝ ਭੀ ਨਹੀਂ ਕਰਨਾ ਚਾਹੁੰਦੇ; ਪਰ ਉਮੰਗ ਜ਼ਰੂਰ ਰਖਦੇ ਹਾਂ ਕਿ ਕਿਸੇ ਤਰਾਂ ਉਸ ਭਗਵੰਤ ਦੇ ਚਰਣਾਂ ਵਿਚ ਅਸਾਨੂੰ ਥਾਸਾ ਮਿਲ ਪਵੇ ॥

ਇਸ ਆਲਸ ਦਾ ਫਲ ਇਹ ਹੋ ਰਿਹਾ ਹੈ ਕਿ

ਜਿਤਨਾ ਅਸਾਡਾ ਪਰਮਾਰਥੀ ਵਿਦਯਾ ਦਾ ਭੰਡਾਰ ਸੀ ਉਹ ਭਾਰਤਵਰਖ ਵਿਚੋਂ ਲੋਪ ਹੁੰਦਾ ਚਲਾ ਜਾ ਰਿਹਾ ਹੈ, ਤੇ ਅਸੀਂ ਦਿਨ ੨ ਕਾਮ ਕ੍ਰੋਧ ਆਦਿਕਾਂ ਦੀਆਂ ਚਪੇੜਾਂਦੀ ਮਾਰ ਖਾ ੨ ਕੇ ਮਹਾਂ ਦੀਨ ਹੋਏ ਹੋਏ ਅਨਆਈ ਮੌਤ ਦੇ ਸ਼ਿਕਾਰ ਹੋਰਹੇ ਹਾਂ ॥

ਬਹੁਤ ਸਾਰੇ ਸਿਆਣਿਆਂਨੇ ਬੀੜਾ ਚੁੱਕਿਆਹੋਇਆ ਹੈ ਕਿ ਕਿਸੇਭਾਂਤ ਭਾਰਤਵਰਖ ਵਿਚੋਂਇਸ ਆਲਸਦੀਘਟਾ ਦੂਰ ਹੋ ਜਾਵੇ। ਤੇ ਲੋਕ ਅਪਨੇ ਵਿਹਾਰਕ ਸੁਧਾਰ ਵਿਖੇ ਸਾਵਧਾਨ ਹੋ ਜਾਨ। ਅਰੁ ਐਸਾ ਹੀ ਕਈ ਸੱਜਨ ਪਰਮਾਰਥਕ ਪਰਪਾਟੀ ਦੇ ਰਾਸ ਕਰਨਦਾ ਉਪਰਾਲਾਭੀ ਕਰ ਕਰਾ ਰਹੇ ਹਨ।ਪਰ ਇਸ ਪਰਮਾਰਥਕ ਘਾਟੀ ਵਿਖੇ ਤਾਂ ਬੜੀਆਂ ੨ ਕਰੜੀਆਂ ਮਜਲਾ ਜਗਯਾਸੀ ਨੂੰ ਲੰਘਨੀਆਂ ਪੈਂਦੀਆਂ ਹਨ,ਜਿਸ ਕਰਕੇ ਪਰਮਾਰਥ ਪਰਾਇਣ,ਅਲੂਣੀ ਸਿਲ ਦੇ ਚਾਟੂ ਕੋਈਵਿਰਲੇ ਪੁਰਖ ਹੀ ਨਿੱਤਰ ਸਕਦੇ ਹਨ॥

ਐਸੀ ਸੁਖ ਰਹਿਨੀ ਤੇ ਡਰਪੋਕ ਹਾਲਤ ਅਸਾਂ ਸਿੱਖਾਂ ਦੀ ਦੇਖਕੇ ਹੀ ਗੁਰੂਮਹਾਰਾਜ ਜੀ ਨੇ ਅਪਨੇ ਗੁਰ ਘਰਵਿਖੇ ਹਠ ਯੋਗ ਦੀ ਚਾਲੀ ਨੂੰ ਪਰਵਾਣ ਨਾਂ ਰਖਕੇ ਸੁਖਯੋਗ ਮਾਰਗ ਨੂੰ ਪਰਵਿਰਤ ਕੀਤਾ ਸੀ। ਉਹੀ "ਗੁਰਮੁਖਿ ਗਾਡੀ ਰਾਹ ਚਲਾਇਆ" ਇਸ ਭਾਈ ਗੁਰਦਾਸ ਜੀ ਦੇ ਬਚਨ ਮੂਜਬ ਜੋ ਪਰਮ ਸੁਖਾਲਾ ਗੱਡੀ ਲੀਹਾ ਰਸਤਾ ਸਤਿਗੁਰਾਂ ਅਪਨੇ ਪਿਆਰੇ ਸਿੱਖਾਂ ਦੇ ਕਲਯਾਨ ਵਾਸਤੇ ਚਲਾਇਆ ਸੀ । ਵਰਤਮਾਨ ਕਾਲ ਦੇ ਅਧਿਕਾਰੀਆਂ ਲਈ (ਗੁਪਤ ਹੁੰਦੇ ਹੋਏ ਨੂੰ ਭੀ) ਪ੍ਰਗਟ ਕਰਨ ਵਾਸਤੇ ਅੰਤਰ ਯਾਮੀ ਸ੍ਰੀ ਗੁਰੂ ਮਹਾਰਾਜ ਜੀ ਦੀ ਪ੍ਰੇਰਨਾ; ਅਸਾਡੇ

ਅੰਦਰ ਹੋਈ ਜਿਸ ਕਰਕੇ ਬਿਧੀਪੂਰਬਕ ਅਪਨੇ ਸਤਿਗੁਰ ਤੋਂ ਪ੍ਰਾਪਤ ਹੋਏ ਉਸ ਗੁੱਝੇ ਰਹੱਸ ਨੂੰ ਸਭਦੇ ਸਮਝਨ ਗੋਚਰੇ ਸਹਲ ਢੰਗ ਨਾਲ 'ਸੁਖ ਯੋਗ ਸਰੂਪ ਉਪਦੇਸ ਸਾਰ' ਨਾਮੀ ਇਸ ਗ੍ਰੰਥ ਦੁਆਰੇ ਪ੍ਰਗਟ ਕਰਦੇ ਹਾਂ। ਆਸਾ ਹੈ ਕਿ ਗੁਰ ਮੁਖ ਜਗਿਆਸੀ ਜਨ ਇਸ ਚਿਰ ਕਾਲ ਤੋਂ ਗੁਪਤਹੋਏ ਸੱਚੇ ਭੰਡਾਰ ਨੂੰ ਨਿਰਜਤਨ ਪ੍ਰਾਪਤ ਹੁੰਦਾ ਜਾਨਕੇ ਇਸਦੀ ਪੂਰੀ २ ਕਦਰ ਕਰਦੇ ਹੋਏ (ਇਸਗ੍ਰੰਥਦੇ ਬਾਰੰਬਾਰ ਸੋਚਵਿਚਾਰ ਦੁਆਰਾ, ਧਾਰਨ ਕਰਕੇ) ਅਪਨੇ ਜਨਮ ਮਰਣ ਦੇ ਦਰਿੱਦਰ ਨੂੰ ਦੂਰ ਕਰਨ ਤੇ ਉਸ("ਪ੍ਰੀਤਮ ਬਸਤੁ ਰਿਦ ਮਹਿ ਖੋਜ") ਹਿਰਦੇ ਰੂਪ ਸੱਚ ਖੰਡ ਵਾਸੀ ਪਰਮਾਨੰਦ ਸ੍ਵਰੂਪ ਪਰਮਜੋਤ ਵਿਖੇ ਜੀਉਂਦੇ ਜੀ ਹੀ ਬਾਸਾ ਪਾਵਨਲਈ ਤਤਪਰ ਹੋਨਗੇ॥

ੴ ਸਾਂਤੀ ਸਾਂਤੀ ਸਾਂਤੀ

ਪ੍ਰਾਰਥਕਃ-

ਸੰਪੂਰਣ ਸਿੰਘ

ਤਰਨ ਤਾਰਨ,

੧ ੴ ਸਤਿਨਾਮੁ ਗੁਰਪ੍ਰਸਾਦਿ ॥

ਮਹਲਾ ੩

"ਏ ਮਨ ਐਸਾ ਸਤਿਗੁਰ ਖੋਜਿ ਲਹੁ ਜਿਤੁ ਸੇਵਿਐ ਜਨਮੁ ਮਰਣੁ ਦੁਖ ਜਾਇ। ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ। ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ। ਅੰਤਰਿ ਸਾਂਤਿ ਮਨਿ ਸੁਖ ਹੋਇ ਸਚੁ ਸੰਜਮਿ ਕਾਰ ਕਮਾਇ। ਨਾਨਕ ਪੂਰੈ ਕਰਮਿ ਸਤਿਗੁਰ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥ ੧ ॥" (ਵਡਹੰਸ ਵਾਰ)

—o—

੧ ੴ ਸਤਿਗੁਰਪ੍ਰਸਾਦਿ ॥

ਅਥ ਸੁਖ ਯੋਗ ਸਰੂਪ ਉਪਦੇਸ ਸਾਰ

॥ ਪ੍ਰਥਮ ਭਾਗ ਪ੍ਰਾਰੰਭਤਾ ॥

॥ ਦੋਹਰਾ ॥

ਸ੍ਰੀ ਗੁਰ ਚਰਣ ਮਨਾਇ ਉਰਿ ਤਾਸੁ ਕ੍ਰਿਪਾ ਬਲ ਪਾਇ। ਸਾਰ ਮਾਤ੍ਰ ਉਪਦੇਸ ਸੁਨਿ ਧਰਹੁ ਸੁਲੇਖ ਬਨਾਇ ॥ ੧ ॥ ਜਾਸੁ ਪੜ੍ਹਤਿ

ਸੁਣਿ ਮਨਿ ਧਰਤਿ ਸੰਸੇ ਸਕਲ ਨਸਾਹਿ ।
ਗਇਆ ਬਹੋੜ ਵਿੱਤਹਰਿ ਨਿਜ ਸੁਖ ਮਾਹਿ
ਸਮਾਹਿ ॥ ੨ ॥ ਆਠ ਪਹਿਰ ਲਿਵ ਲਗਿ
ਰਹੇ ਟੁਟੇ ਨ ਮੂਲੋਂ ਤਾਰ । ਸਾਸ ਸਾਸ ਭੁਲੈ
ਨਹੀ ਜਗ ਬੰਦਨ ਕਰਤਾਰ ॥੩॥ *ਸੁਧਾਪਾਨ
ਕਿਆ ਵਸਤੁ ਹ ਭੋਗ ਅਮਰ†ਪੁਰਿ ਦੇਇ ।
‡ਅਮਰਾ ਪਦ ਥਾਸਾਮਿਲਿਆਚਵਤਿਅੰਮ੍ਰਿਤ
ਏਇ । ਬਹੁਰਿ ਨ ਆਵਨੁ ਜਾਨੁ ਕਦਿ
ਜਹਾਂ ਪਹੁੰਚ ਕਰਿ ਹੋਇ । ਨਰ ਤਨੁ ਫਲ
ਨਿਰਬਾਣ ਪ੍ਰਦ ਨਮਹੁ ਸਬਦ ਗੁਰ ਸੋਇ॥
੫ ॥

ਇਕ ਸੰਸਾਰ ਨਾਮਾ ਜੀਵ ਦਰਿਆਵਾਂਅਤੇ ਸਮੁੰਦਰਾਂ ਵਿੱਚ ਹੁੰਦਾ ਹੈ ਉਸਦੇ ਨਾਮ ਤੋਂ ਸਭੇ ਹੀ ਜਾਣੂ ਹਨ । ਉਹ ਐਸਾ ਸ਼ਿਕਾਰੀ ਤੇ ਹੱਤਿਆਰਾ ਹੁੰਦਾ ਹੈ ਕਿ ਕਿਸੇ ਜੀਵਜੰਤੂ ਨੂੰ ਹੜੱਪ ਕਰਣੋਂ ਨਹੀਂ ਛੱਡਦਾ। ਝੋਟੇ, ਬਲਦ, ਮਹੀਆਂ, ਗਊਆਂ ਆਦ ਪਸੂਆਂ ਅਤੇ ਆਦਮੀਆਂ ਵਗੈਰਾ ਸਭਨੂੰ ਹੀ, ਜੋ ਉਸਦੀ ਨਿਘਾ ਹੇਠ ਪਾਣੀ ਲੈਂਦਾ ਯਾ ਨ੍ਹੌਂਦਾ ਅਥਵਾ ਪਾਣੀ ਵਿਚੋਂ ਲੰਘਦਾ ਹੋਇਆ ਦਿੱਸ ਪਵੇ, ਬਸ ਸਾਬਤ ਦਾ ਸਾਬਤ ਹੀ ਲੰਘਿਆ ਜਾਂਦਾ ਹੈ ॥

ਇਸਦੇ ਭੈ ਦੇ ਮਾਰੇ ਕੰਬਨੀ ਔਂਦੀ ਹੈ। ਲੋਕ ਉਸ ਪਾਸੇ ਜਾਣਦਾ ਨਾਮ ਨਹੀ ਲਿਆ ਕਰਦੇ,ਜਿਨਾਂ ਦਰਿਆਵਾਂ

---

*ਅੰਮ੍ਰਿਤ ਛਕਣਾ। †ਸੁਰਗ ਦੇ। ‡ਪਰਮਪ ;, ਸਤਜਪਦ।

ਦੇ ਘਾਟਾਂ ਵੱਲ ਇਹ ਹੱਤਿਆਰਾ ਮੂੰਹ ਚੜ੍ਹ ਲੰਘਿਆ ਹੁੰਦਾ ਹੋ।ਕਈ ਵਾਰਾਂ ਦਰਿਆਵਾਂ ਦੇ ਕੰਢੇ ਤੋਂ ਕੁਛ ੨ਦੂਰ ਤੁਰਿਆਂ ਜਾਂਦਿਆ ਆਦਮੀਆਂ ਤੇ ਪਸੂਆਂ ਆਦਿਕਾਂ ਨੂੰ ਬਾਹਰੋਂ ਭੀ ਧੂਹ ਕੇ ਲੈ ਜਾਂਦਾ ਅਤੇ ਨਿਗਲ ਜਾਂਦਾ ਹੈ ॥

ਠੀਕ ਆਖਿਆ ਹੈ ਕਿ 'ਜੋ ਪਾਪੀ ਹੁੰਦੇ ਹਨ ਉਹ ਜੇਹੇ ਬਾਹਰੋਂ ਸਦਾ ਪਾਪ ਲਈ ਲੱਕ ਬੰਨੀ ਰਖਦੇ ਹਨ, ਤੇਹਾ ਹੀ ਉਨਾਂ ਦੇ ਅੰਦਰ ਰੋਮ ੨ ਵਿਚ ਭੀ ਪਾਪ ਭਰੀਆਂ ਵਾਸਨਾਂ ਹੀ ਕੂਟ ੨ ਕੇ ਭਰੀਆਂ ਹੋਈਆਂ ਹੁੰਦੀਆਂ ਹਨ'। ਸੋ ਏਸ ਪਾਪੀ ਦੇ ਅੱਠੇ ਪਹਿਰ ਜੀਵਾਂ ਨੂੰ ਘਾਤ ਕਰਨ ਵਿਚ ਤਤਪਰ ਰਹਿਨ ਤੇ ਭੀ ਇਸਦੇ ਪੇਟ ਦੇ ਅੰਦਰ ਰੋਮ੨ ਵਿਚ ਕੰਡੇ ਹੀ ਕੰਡੇ ਉਭਰੇ ਹੁੰਦੇ ਹਨ। ਜੋ ਉਸ ਜੀਵ ਲਈ, ਜਿਸ ਨੂੰ ਕਿ ਇਹ ਨਿਗਲ਼ ਲੈਂਦਾ ਹੈ ਅਨੰਤ ਗੁਣਾਂ ਵਧਕੇ ਕਲੇਸ ਦਾ ਕਾਰਣ ਹੁੰਦੇ ਹਨ। ਕਯੋਂਕਿ ਸ਼ਿਕਾਰ ਨੂੰ ਇਸਦੇ ਅੰਦਰ ਲੰਘਨ ਵਿੱਚ ਰਤੀ ਭਰ ਭੀ ਕਸਟ ਮਲੂਮ ਨਹੀ ਹੁੰਦਾ।ਪਰ ਅੰਦਰ ਦੀਆਂ ਸੂਲਾਖਾਂ ਨਾਲ ਡਾਢਾ ਦੁਖੀ ਹੁੰਦਾ ਹੈ।

ਅਨੋਖੀ ਗੱਲ ਉਸ ਮੰਦ ਭਾਗੇ ਸ਼ਿਕਾਰ ਲਈ ਇਹ ਹੁੰਦੀਹੈ ਕਿ ਜਿਤਨਾ ਚਿਰਤਕਇਹ ਨੀਚਫੇਰ ਬਾਹਰਨਿਕ-ਲਕੇ ਬਰੇਤੇ ਵਿਚ ਪਸਲੇਟੇ ਨਾਂ ਮਾਰੇ ਤਦ ਤਕ ਨਿਗਲਿਆ ਹੋਇਆ ਸ਼ਿਕਾਰ ਜਯੋਂ ਕਾ ਤਯੋਂ ਅੰਦਰੇ ਹੀ ਕੰਡਿਆਂ ਦੀ ਮਾਰ ਖਾਂਦਾ ਰਹਿੰਦਾ ਹੈ। ਪਰ ਪ੍ਰਾਣ ਨਹੀ ਸੂ ਨਿਕਲਦੇ। ਅਤੁ ਜਯੋਂ ਹੀ ਏਸਨੇ ਪਸਲੇਟਾ ਮਾਰਿਆ ਬਸ ਸ਼ਿਕਾਰ ਤਾਂ ਹਡੀਆਂ ਸਮੇਤ ਅੰਦਰ ਹਜਮ ਹੋ ਜਾਂਦਾ ਹੈ ਤੇ ਫੇਰ ਬਾਹਰ ਉਸਦਾ ਕੁਛ ਖੁਰਾ ਖੋਜ ਨਹੀ ਨਿਕਲਦਾ ॥

ਸੋ ਏਸ ਸੰਸਾਰ ਜੀਵ ਦੀ ਗਤੀ ਮੂਜਬ ਹੀ ਜਗਤ

ਨੂੰ ਭੀ ਸੈਸਾਰ ਸੱਦਿਆ ਜਾਂਦਾ ਹੈ, ਇਸਦਾ ਕੰਮ ਭੀ ਠੀਕ ਏਹੋ ਹੀ ਹੈ ਕਿ ਚਉਰਾਸੀ ਲੱਖ ਜੂਨਾਂ ਵਿਖੇ ਹੋਨ ਵਾਲੇ ਸਰਬੱਤ ਪ੍ਰਾਣੀਆਂ ਨੂੰ ਅਪਨੇ ਅੰਦਰ ਹੜੱਪੂ ਕਰ ਜਾਣਾ ਤੇ ਬਿਅੰਤ ਪ੍ਰਕਾਰ ਦੀਆਂ ਤਕਲੀਫਾਂ ਦੇ ਕੰਡਿਆਂ ਨਾਲ ਦੁਖੀ ਕਰਨਾ ॥

ਬਸ ਸੈਸਾਰ ਵੱਲ ਧਿਆਨ ਹੋਇਆ ਨਹੀ ਕਿ ਜੀਵ ਸ਼ਿਕਾਰ ਹੋ ਜਾਂਦਾ ਹੈ। ਜਿਹੜੇ ਏਸ ਸੈਸਾਰ ਦੀ ਨਿਵਾਸ ਭੂਮੀ ਨੂੰ ਮੂਲੋਂ ਹੀ ਤਿਆਗ ਕੇ ਦੂਰ ਪਰੇ ਨਹੀ ਜਾ ਵਸਦੇ ਉਨਾ ਕੰਢੇ ੨ ਤੁਰਿਆਂ ਜਾਂਦਿਆਂ ਨੂੰ ਭੀ ਇਹ ਪਾਪੀ ਆਪਨੇ ਵਸ ਕਰਨੋਂ ਨਹੀ ਛਡਦਾ। ਤਾਤਪਰਜ ਇਹ ਕਿ ਨਾਮ ਤੇ ਰੂਪ, ਇਨਾਂ ਦੋਹਾਂ ਕਿਨਾਰਿਆਂ ਦੇ ਵਿਚਕਾਰ ਅਨਾਦੀ ਕਾਲ ਤੋਂ ਜੋ ਮਾਇਆ ਦੀ ਪ੍ਰਵਾਹਾਕਾਰ ਗਤੀ ਹੈ ਉਹ ਇਸਦੀ ਰਹਿਨ ਦੀ ਠੌਰ ਹੈ ਅਰਥਾਤ ਬਿਅੰਤ ਜੁਗਾਂ ਜੁਗਾਂ-ਤਰਾਂ ਤੋਂ ਮਾਇਆ ਦੀ ਰਚੀ ਹੋਈ ਜੋ ਅਨੇਕ ਭਾਂਤ ਦੇ ਰੰਗਾਂ ਰੂਪਾਂ ਅਤੇ ਵਿਓੜਕੇ ਨਾਮਾਂ ਵਾਲੀ ਸਰਿਸ਼ਟੀ ਹੈ ਜਿਸਦਾ ਓਪਤ ਖਪਤ ਦਾ ਪ੍ਰਵਾਹ ਸਦਾ ਹੀ ਜਜੋਂ ਕਾ ਤਜੋਂ ਚਲਦੀ ਰਹਿੰਦਾ ਹੈ ਉਸ ਵਿਖੇ ਇਸ ਸੈਸਾਰ ਦਾ ਬਾਸਾ ਹੈ। ਸੋ–

॥ ਦੋਹਰਾ ॥

ਜਿਸ ਕਿਸ ਇਸ ਪ੍ਰਵਾਹ ਮੇਂ ਧਾਰਾ ਪਗ
ਕਿਸ ਭਾਂਤ।ਮੁਖ ਸੈਸਾਰ ਮੇਂ ਸੋ ਧਸਾ ਪਾਵੈ
ਮੂਲ ਨ ਸ਼ਾਂਤ ॥

ਅਰਥ ਇਹ ਕਿ ਉਪਰ ਕਥਨ ਕੀਤੇ ਸੈਸਾਰ ਦੇ ਏਸ ਪ੍ਰਵਾਹ ਵਿਖੇ ਜਿਸ ਕਿਸੇ ਜੀਵ ਨੇ ਪੈਰ ਪਾਇਆ ਮਤਲਬ ਕੀਹ ਕਿ ਜਗਤ ਦੇ ਕਿਸੇ ਪਦਾਰਥ ਯਾ

ਸਨਬੰਧੀ ਨਾਲ ਮੋਹ ਮਮਤਾ ਬੰਨੀ ਤਾਂ ਬਸ ਫੇਰ ਉਸਨੂੰ ਸਮਝ ਲਵੋ ਕਿ ਉਹ ਇਸਦਾ ਸ਼ਿਕਾਰ ਹੀ ਹੋਗਿਆ ਹੈ। ਅਨੰਤ ਭਾਂਤ ਦੇ ਜਨਮ ਜਨਮਾਂਤਰਾਂ ਵਿਚ ਪਟਕੀ-ਦਾ ਹੋਯਾ ਸੰਸਾਰੀ ਦੁੱਖਾਂ ਤੋਂ ਕਿਸੇ ਪ੍ਰਕਾਰ ਭੀ ਉਹ ਸਾਂਤੀ ਨੂੰ ਪ੍ਰਾਪਤ ਨਹੀ ਹੋ ਸਕਦਾ।

ਅਰ ਜਿਹੜੇ ਕੋਈ ਪੂਰਬਲੇ ਪੁੰਨਾਂਦੇ ਪ੍ਰਭਾਵ ਕਰਕੇ ਏਸ ਸੰਸਾਰਦੇ ਅਸਹਿ ਦੁੱਖਾਂ ਨੂੰ ਸਿਮਰਣਕਰਦੇ ਹੋਏ ਭੈ ਦੇ ਮਾਰੇ ਇਸਦੇ ਰਹਨ ਦੀ ਜਾਗਾ, 'ਪਦਾਰਥਾਂ ਆਦ ਤੋਂ ਕੁਛ ਪਰੇ ਹੋ ੨ ਕੇ ਚੱਲਦੇ ਹਨ ਅਰਥਾਤ ਸੰਸਾਰ ਦੇ ਕਲੇਸ਼ਾਂ ਤੋਂ ਡਰੇ ਹੋਏ ਮੁਕਤੀ ਦੇ ਚਾਹਵੰਦ ਜੋ ਜਗਯਾਸੂ ਇਸਦੇ ਮੂਲੋਂਹੀ ਸ਼ਿਕਾਰ ਹੋਣੋ ਬਚਨ ਵਾਸਤੇ ਸੰਤਾਂ ਸਤਿਗੁਰਾਂ ਰੂਪ ਮਲਾਹਾਂ ਦੀ ਖੋਜ ਭਾਲ ਕਰਦੇ ਹੋਏ ਕੁਛ ਉਦਾਸ ਬਿਰਤੀ ਨੂੰ ਧਾਰਕੇ ਜਗਤ ਵਿਚ ਵਿਚਰਦੇ ਹਨ। ਕਦਾਚਿਤ ਇਹ ਉਨਾਂ ਨੂੰ ਭੀ ਆਪਣੇ ਧੋਖੇ ਵਿਚ ਲਿਆਕੇ ਮੁਕਤੀ ਦੇ ਮਾਰਗਤੋਂ ਭ੍ਰਸ਼ਟ ਕਰ ਦਿੰਦਾ ਹੈ॥

ਜਿਸ ਭਾਂਤ ਸੰਸਾਰ ਨਾਮਾ ਜੀਵ ਆਪਣੇ ਸ਼ਿਕਾਰ ਕਰਨ ਲਈ ਸਬ ਤਰਾਂ ਕਰਕੇ ਨਿਰਭੈ ਹੁੰਦਾ ਹੈ ਉਸੇ ਤਰਾਂ ਹੀ ਏਸ ਸੰਸਾਰ ਦਾ ਭੀ ਹਾਲ ਹੈ। ਪਰ ਅੰਤਰਯਾਮੀ ਨੇ ਜੋ ਕੁਛ ਭੀ ਆਪਨੀ ਮਾਯਾ ਦ੍ਵਾਰੇ ਕੌਤੁਕਰਚਿਆ ਹੈ ਸਭ ਦੇ ਸਿਰਉਪਰਕੋਈ ਨਾਕੋਈ ਡੰਡਾ ਜਰੂਰ ਹੀ ਉਸਨੇ ਰਖਿ-ਆ ਹੈ॥

ਅਰ ਇਹ ਗੱਲ ਪਰਸਿੱਧ ਹੀ ਹੈ ਕਿ ਮਨੁੱਖਾ ਜੂਨ ਨੂੰ ਸਭ ਜੂਨਾਂ ਦੀ ਸਿਰਦਾਰ ਉਸ ਅਕਾਲ ਪੁਰਖਨੇਬਨਾਇ ਆ ਹੈ। ਤੇ ਸਰਦਾਰ ਉਸ ਮੁਖੀਏ ਆਦਮੀ ਦਾ ਨਾਮ ਹੁੰਦਾ

ਹੈ ਜੋ ਬਹੁਤਿਆਂ ਸਾਰਿਆਂ ਨੂੰ ਆਪਣੇ ਅਧਿਕਾਰ ਦੇ ਥੱਲੇ ਹੇਠ ਰਖ ਸਕੇ। ਤਾਂ ਮਨੁੱਖ ਵਿਚ ਅੰਤਰਯਾਮੀ ਨੇ ਐਸਾ ਬਲ ਰਖਿਆ ਹੈ ਕਿ ਜੇ ਇਹ ਚਾਹੇ ਤਾਂ ਸਭ ਜੂਨਾਂ ਨੂੰ ਹੀ ਆਪਣੇ ਅਧੀਨ ਕਰ ਸਕਦਾ ਹੈ। ਪਰ ਇਹ ਐਸਾ ਮੂਰਖ ਨਿਕਲਿਆ ਹੈ ਕਿ ਇਸਨੇ ਆਪਣੇ ਬਲ ਨੂੰ ਮੂਲੋਂ ਹੀ ਵਿਸਾਰ ਦਿੱਤਾ ਹੈ। ਤਦੇ ਹੀ ਗੁਰੂ ਜੀ ਨੇ ਬਚਨ ਕੀਤਾ ਹੈ ਕਿਃ—

"ਇਸਕਾ ਬਲ ਨਾਹੀ ਇਸ ਹਾਥ। ਕਰਨ ਕਰਾਵਨ ਸਰਬ ਕੋ ਨਾਥ। ਆਗਿਆਕਾਰੀ ਬਪੁਰਾ ਜੀਉ। ਜੋ ਤਿਸੁ ਭਾਵੈ ਸੋਈ ਫੁਨਿ ਥੀਉ" ॥

ਅਰਥ ਇਹ ਕਿ—ਇਸ ਮਨੁਖ ਦਾ ਬਲ ਆਪਣੇ ਹੱਥ ਨਹੀਂ ਰਿਹਾ ਵਿਸਾਰ ਬੈਠਾ ਹੈ। ਨਹੀਂ ਤਾਂ, ਹੈ ਇਹ ਸਭ ਦਾ ਸੁਆਮੀ ਜੋ ਚਾਹੇ ਸੋ ਕਰਨ ਕਰੌਨ ਲਈ ਮਾਲਕ ਹੈ (ਸਮਰੱਥ ਹੈ) ਪਰ ਮਤਿਮੰਦ ਨੇ ਆਪਨੀ ਮਹਿਮਾਂ ਨੂੰ ਭੁਲਾਕੇ ਆਪਣੇ ਆਪਨੂੰ ਛੁੱਦ੍ਰ ਜੀਵਾਂ ਤਰ੍ਹਾਂ ਪਰਾਧੀਨ ਵਰਤਨ ਵਾਲਾ ਤੁੱਛ ਜੀਵ ਬਨਾ ਲਿਆ ਹੈ। ਹੱਲਾਂਕ ਇਸ ਵਿਚ ਜੋਗਤਾ ਐਸੀ ਹੈ ਕਿ ਜੇਕਰ ਇਹ ਉਸ ਭਗਵੰਤ ਦੀ ਪਦਵੀ ਦੀ ਭਾਵਨੀ ਅਰਥਾਤ ਚਾਹਨਾ ਧਾਰੇ ਤਾਂ ਸਾਖਸ਼ਾਤ ਭਗਵੰਤ ਦੇ ਸਰੂਪ ਨੂੰ ਭੀ ਪ੍ਰਾਪਤ ਹੋ ਸਕਦਾ ਹੈ। ਪਰ ਜੋਕਿ ਇਹ ਸਭ ਤਰਾਂ ਕਰਕੇ ਕਰਨ ਕਾਰਨ ਹੁੰਦਾ ਹੋਇਆ ਭੀ ਦੀਨ ਹੋ ਬੈਠਾ ਹੈ ਅਤੇ ਐਸਾ ਆਪਣੇ ਆਪਨੂੰ ਮੰਨਦਾ ਹੈ ਕਿ ਮੇਰੇ ਅਧੀਨ ਕੁਛ ਨਹੀ। ਮੈਂ ਕੁਝ ਭੀ ਕਰਨ ਦੀ ਹਿੰਮਤ ਨਹੀਂ ਰਖਦਾ। ਇਸ ਲਈ ਇਸਨੂੰ ਮਨੁਖ ਹੀ ਨਹੀਂ ਕਹਿਨਾ ਚਾਹੀਏ। ਕਜੋਂਕਿ "ਕਰਤੂਤ ਪਸੂਕੀ ਮਾਨਸ ਜਾਤ" ਇਸਦੀ ਜਾਤੀ ਤਾਂ ਭਾਵੇ ਮਨੁਖ ਹੀ ਕਹੀ ਜਾਵੇ ਪਰ

ਕਰਤੂਤ ਪਸੂਆਂ ਦੀ ਨਿਆਂਈ ਹੋਨ ਕਰਕੇ ਪਸੂ ਹੀ ਹੈ ਕਿਉਂਕਿ "ਲੋਕੁ ਪਚਾਰਾ ਕਰੈ ਦਨ ਰਾਤ" ਦਿਨੇ ਰਾਤ ਸੁਆਰਥ ਪਰਤਾ ਦਾ ਮਾਰਿਆ ਹੋਇਆ ਲੋਕਾਂ ਅਗੇ ਇਉਂ ਦੀਨ ਹੁੰਦਾ ਫਿਰਦਾ ਹੈ ਜਿਸ ਤਰਾਂ ਪੱਠਿਆਂ ਦੇ ਲਾਲਚ ਦਾ ਮਾਰਿਆ ਹੋਇਆ ਪਸ਼ ਆਪਨੀ ਜੰਗਲੀ ਸੁਤੰਤ੍ਰਤਾ ਨੂੰ ਵਿਸਾਰ ਕੇ ਮਾਲਕ ਦੇ ਡੰਡੇ ਖਾਂਦਾ ਹੋਇਆ ਭੀ ਖੁਰਲੀ ਦੇ ਕਿੱਲੇ ਨੂੰ ਹੀ ਸੁਰਗ ਮੰਨਕੇ ਸੁਖੀ ਹੁੰਦਾ ਹੈ।

ਗੱਲ ਕਾਹ ਜਿਸ ਕਿਸੇ ਨੇ ਤਾਂ ਆਪਨੇ ਬਲ਼ ਨੂੰ ਸੰਭਾਲ ਲਿਆ ਹੈ ਉਹ ਅਸਲ ਮਨੁੱਖ ਹੈ। ਤੇ ਉਸ ਬਿਨਾਂ ਸਭੇ ਹੀ 'ਨਰ ਪਸ਼ੂ ਏਕ ਸਮਾਨ' ਸਮਝਨੇ ਚਾਹੀਏ। ਅਰ ਜਿਨਾਂ ਨੇ ਆਪਨੇ ਬਲ ਨੂੰ ਜਨੋਂ ਕਾ ਤਨੋਂ ਸੰਭਾਲ ਲਿਆ ਹੈ ਉਨਾਂ ਤੋਂ ਸੰਸਾਰ ਇਸ ਭਾਂਤ ਭੈ ਖਾਂਦਾ ਹੈ, ਜਿਸ ਤਰਾਂ ਕਾਛਵੇ ਪਾਸੋਂ ਸੰਸਾਰ ਨਾਮਾਂ ਜੀਵ ਦੇ ਪ੍ਰਾਣ ਖੁਸ਼ਕ ਹੋਇਆ ਕਰਦੇ ਹਨ॥

ਕਾਛਵੀ ਇਕ ਮਲਾਹਾਂ ਦੀ ਜਾਤ ਹੁੰਦੀ ਹੈ ਅਰ ਇਨਾਂ ਨੂੰ ਦਰਿਆਈ ਤੇ ਸਮੁੰਦਰੀ ਜਨੌਰਾਂ ਤੋਂ ਮੂਲੋਂ ਹੀ ਭੈ ਨਹੀ ਔਂਦਾ, ਬਲਕਿ ਸੰਸਾਰ ਵਰਗੇ ਜਨੌਰ ਮਾਰਕੇ ਖਾਨ ਨੂੰ ਇਹ ਆਪਨੇ ਲਈ ਬੜਾ ਸੁਖਦਾਈ ਮੰਨਦੇ ਹਨ, ਤੇ ਇਹ ਆਪਨੇ ਪਾਸ ਸਦਾ ਹੀ ਇਕ ਛੁਰਾ ਰਖਿਆ ਕਰਦੇ ਹਨ। ਬਸ ਜਿਥੇ ਸੰਸਾਰ ਯਾ ਕੋਈ ਹੋਰ ਹੀ ਸੰਸਾਰ ਦੀ ਜਾਤੀ ਦਾ ਜਨੌਰ ਮਿਲਿਆ ਨਹੀ ਕਿ ਝੱਟ ਛੁਰੇ ਦੀ ਭੇਟ ਕੀਤਾ ਨਹੀ। ਇਹ ਏਥੋਂ ਤਕ ਫੁਰਤੀਲੇ ਹੁੰਦੇ ਹਨ ਕਿ ਕਿਤੇ ਸੰਸਾਰ ਨੂੰ ਉਰਲੇ ਕੰਢਿਓਂ ਪਰਲੇ ਕੰਢੇ ਦਰਿਆ ਦੇ ਤੇ ਮਲੂਮ ਕਰ ਲੈਣ ਸਹੀ, ਝੱਟ ਟੁੱਭੀ ਮਾਰਕੇ ਪਾਣੀ ਦੇ ਹੇਠੋਂ ਹੇਠ ਹੀ ਉਸਨੂੰ ਜਾ ਕਾਬੂ

ਕਰਦੇ ਹਨ । ਇਨਾਂ ਕਾਛਵਿਆਂ ਦੇ ਬਾਲਾਂ ਬੱਚਿਆਂ ਤੋਂ ਭੀ ਐਡਾ ਭੈ ਸੰਸਾਰ ਖਾਂਦਾ ਹੈ ਕਿ ਦੂਰੋਂ ਹੀ ਏਨਾਂ ਦੀ ਮੂਰਤ ਦੇਖਦੇ ਸਾਰ ਆਪਨੀ ਸੁੱਧ ਭੁੱਲ ਜਾਂਦਾ ਹੈ ।

ਸੋ ਜਿਸ ਭਾਂਤ ਕਾਛਵੇ ਮਲਾਹਾਂ ਨੇ ਆਪਨੇ ਅਪਾਰ ਬਲ ਵਿਚੋਂ ਰਾਈ ਭਰ ਬਲਨੂੰ ਸੰਭਾਲ ਕੇ ਮਹਾਂ ਭਿਆਨਕ ਸੰਸਾਰ ਨਾਮਾਂ ਜੀਵ ਤੋਂ ਨਿਰਭੈਤਾ ਪ੍ਰਾਪਤ ਕਰ ਲਈ ਹੈ । ਅਤੇ ਇਸ ਸਕਤੀ ਦੇ ਕਾਰਣ ਕਈਆਂ ਮਨੁਖਾਂ ਪਸੂਆਂਆਦ ਨੂੰ ਭੀ ਸੰਸਾਰ ਦਾ ਸ਼ਿਕਾਰ ਹੋਨਾਂ ਬਚਾ ਲੈਂਦੇ ਹਨ, ਬਲਕਿ ਏਥੋਂ ਤਕ ਭੀ ਕਰਨੋਂ ਘੱਟ ਨਹੀ ਕਰਦੇ ਕਿ ਜੇ ਪਤਾ ਲਗ ਜਾਵੇ ਤਾਂ ਤਤਕਾਲ ਦੇ ਸ਼ਿਕਾਰ ਕੀਤੇ ਨੂੰ ਭੀ ਇਹ ਉਸ ਸੰਸਾਰ ਦਾ ਪੇਟ ਪਾੜਕੇ ਜੀਉਂਦੇ ਜੀ ਹੀ ਕੱਢ ਲੈਂਦੇ ਹਨ । ਇਸੇ ਭਾਂਤ ਹੀ ਪੁਰਖ ਜਾਤੀ ਵਿਚੋਂ (ਹੀ ਜਿਨਾਂ ਸਤਿਗੁਰਾਂ ਭੀ ਆਪਨੇ ਅਪਾਰ ਬਲ ਨੂੰ ਸੰਭਾਲਕੇ ਅਪਨੇ ਮਨੁਖਜਤ (ਮਰਦਊ ਪਨੇ) ਅਰਥਾਤ ਮਾਨੁਖੀ ਪਦਵੀਨੂੰ ਸਫਲ ਕੀਤਾ ਹੈ । ਕੈਸੇ ਹਨ ਉਹ ਸੰਤ ਜਨ "ਚਾਪ ਗਿਆਨ ਕਰ ਜਾਂਹਿ ਬਿਰਾਜੈ" ਜਿਨਾਂ ਦੇ ਹੱਥ ਵਿਖੇ ਗਯਾਨ ਦਾ ਖੜਗ ਨਾਮ ਦਾ ਖੰਡਾ ਸਦੀਵ ਕਾਲ ਤਿਆਰ ਬਰਤਿਆਰ ਬਿਰਾਜਦਾ ਰਹਿੰਦਾ ਹੈ ਅਰੁ ਜਿਨਾਂ ਦੇ ਭੈ ਦੇ ਮਾਰੇ "ਛਾਇਆ ਦ੍ਵੈਤ ਸਗਲਉਠਿ ਭਾਜੈ" ਇਹ ਦ੍ਵੈਤ ਰੂਪ ਮਾਇਕ ਸੰਸਾਰ ਇਸ ਭਾਂਤ ਮੂਲ ਤੋਂ ਹੀ ਨਿਵਿਰਤ ਹੋ ਜਾਂਦਾ ਹੈ ਜਿਸਤਰਾਂ ਕਿ ਕਿਰਣਾਂ ਰੂਪ ਖੜਗ ਨੂੰ ਧਾਰਕੇ ਸੂਰਜ ਭਗਵਾਨ ਦੇ ਪ੍ਰਕਾਸ਼ ਕਰਦਿਆਂ ਸਾਰ ਉਸਦੇ ਤੇਜ ਅਗੇ ਅੰਧਕਾਰ ਦੂਰ ਹੋ ਜਾਂਦਾ ਹੈ । ਅਤੇ ਜੋ "ਆਪ ਮੁਕਤ ਅਵਰਾਂ ਮੁਕਤ ਕਰਾਵੈ" ਇਸ ਬਚਨ ਅਨੁਸਾਰ ਆਪ ਏਸ ਦ੍ਵੈਤ ਰੂਪ ਸੰਸਾਰ ਤੋਂ ਨਿਰਭੈ

ਹੋਕੇ ਦੂਜਿਆਂ ਜੀਵਾਂ ਨੂੰ ਮੋਖਮਾਰਗਵਿਖੇ ਪਰਵਿਰਤ ਕਰਕੇ ਸੰਸਾਰ ਤੋਂ ਛੁਟਕਾਰਾ ਬਖਸ਼ਦੇ ਹਨ। ਐਸੇ ਸੰਤ ਜਨਾਂ ਦਾ ਨਾਮ ਸੁਨਨ ਮਾਤ੍ਰ ਤੇ ਹੀ ਜਮ ਦੂਤ ਛੱਡਕੇ ਭੱਜ ਜਾਂਦੇ ਹਨ। ਅਰ "ਅਠਸਠ ਤੀਰਥ ਜਹਾਂ ਸਾਧ ਪਗ ਧਰੈ। ਤਹਾਂ ਬੈਕੁੰਠ ਜਹਾਂ ਨਾਮ ਉਚਰੈ" ਜਿਸ ਅਸਥਾਨ ਤੇ ਐਸੇ ਬ੍ਰਹਮਗਿਆਨੀ ਮਹਾਤਮਾਂ ਚਰਣ ਧਰਦੇਹਨ ਉਥੇ ਸੰਪੂਰਣ ਪਰਧਾਨ ਤੀਰਥ ਆਨ ਨਿਵਾਸ ਕਰਦੇ ਹਨ ਅਤੇ ਜਿਸ ਜਗਾ ਤੇ ਥੋੜਾ ਬੈਠਕੇ ਹਰਿ ਚਰਚਾ ਕਰਲੈਣ ਉਹ ਜਗਾ ਤਾਂ ਸਾਖਸ਼ਾਤਭਗਵੰਤ ਦੇ ਸੱਚਖੰਡ ਦਰਬਾਰ ਸਮਾਨ ਹੀ ਪਵਿਤ੍ਰ ਹੋ ਜਾਂਦੀ ਹੈ। ਕਯੋਂਕਿ "ਸੰਤ ਪ੍ਰਭੂ ਮਹਿ ਭੇਦ ਨ ਭਾਈ" ਜਿੱਥੇ ਸੰਤ ਬੈਠ ਗਏ ਮਾਨੋਂ ਆਪਹੀਂ ਭਗਵੰਤ ਬਿਰਾਜਮਾਨ ਹੋਇਆ ਹੈ। ਤਾਤ-ਪਰਜ ਕੀਹ ਕਿ ਪੂਰਣਮਹਾਤਮਾਂ ਜਨਾਂ ਦੇ ਦਰਸ਼ਨ,ਸਪਰ-ਸ਼ਨ, ਬਚਨ ਸਰਵਣ ਆਦ ਦ੍ਵਾਰੇ ਸਭੂਤਰਾਂ ਕਰਕੇ ਹੀ ਸੰਸਾਰ ਦਾ ਭੈ ਉਠ ਜਾਂਦਾ ਹੈ ਜੋ ਕੋਈਭੀ ਜਗਯਾਸੂ,ਐਸਿਆਂ ਦੀ ਸ਼ਰਣ ਆ ਜਾਵੇ ਉਸਦਾ ਆਪਨਾ ਭੈ ਤਾਂ ਉਠ ਹੀ ਜਾਂਦਾ ਹੈ।ਪਰਉਸਦੇ ਪਿੱਛੇ ਹੋਰ ਭੀ ਅਨੇਕਜੀਵ ਉਧਾਰ ਪਾ ਜਾਂਦੇ ਹਨ। ਇਸ ਕਰਕੇ ਉਚਿਤ ਹੈ "ਤੀਖਣ ਬਾਣ ਚਲਾਇ ਨਾਮੁ ਪ੍ਰਭੁ ਧਿਆਈਐ। ਹਰਿਹਾਂ ਮਹਾਂ ਬਿਖਾਦੀ ਘਾਤ ਪੂਰਣ ਗੁਰ ਪਾਈਐ।" ਕਿ ਅਕਾਲ ਪੁਰਖ ਦੇ ਨਾਮ ਰੂਪੀ ਤਿੱਖੇ ਬਾਨ ਨੂੰ ਪ੍ਰਾਣ ਰੂਪੀ ਕਮਾਨ ਤੇ ਚੜ੍ਹਾਕੇ ਅਤੁ ਸੁਰਤ ਦ੍ਵਾਰੇ ਇਸ ਮਹਾਂ ਵਿਖਾਦ ਅਰਥਾਤ ਭਾਰ ਕਲੇਸ ਦੇ ਉਪ-ਜਾਵਨ ਵਾਲ ਸੰਸਾਰ ਦਾ ਨਿਸ਼ਾਨਾ ਵਿੰਨਕੇ ਪੂਰਣ ਗੁਰੂ ਨੂੰ ਮਿਲਿਆ ਜਾਵੇ। ਕੈਸਾ ਹੈ ਸੋ ਪੂਰਣ ਗੁਰੂ।ਜੋ ਇਸ ਸਰੀਰ ਦੇ ਅੰਦਰ ਰੋਮ ਰੋਮ ਵਿਖੇ ਭਰਪੂਰਹੈ ਜਿਸਦੀ ਸੱਤਾ ਦੇ ਬਲ

ਕਰਕੇ ਕੰਨ ਸ਼ਬਦ ਨੂੰ ਸੁਨਦੇ ਹਨ। ਜਿਸਦੀਸੱਤਾ ਦੇ ਅਧੀਨ ਨਾਸਾਂ ਬਾਸਨਾ ਗ੍ਰਿਹਨ ਲਈ ਸਮਰੱਥ ਹੁੰਦੀਆਂ ਹਨ। ਜਿਸ ਦੀ ਸੱਤਾ ਦੇ ਵੱਸ ਰਸਨਾ ਸੁਆਦ ਕੁਸੁਆਦ ਨੂੰ ਅਨੁਭਵ ਕਰਦੀ ਹੈ। ਜਿਸ ਦੇ ਆਸਰੇ ਬਾਣੀ ਸ਼ਬਦ ਉਚਾਰਦੀ ਹੈ। ਜਿਸਦੇ ਆਸਰੇ ਹੱਥ ਕੋਈ ਵਸਤੂ ਫੜਨ ਤੇ ਛੱਡਨ ਦੀ ਕਾਰਵਾਈ ਕਰਦੇ ਹਨ ਅਰੁ ਪੈਰ ਚਲਦੇ ਹਨ ਸੋ ਉਹੀ ਸਭ ਮਨ ਬੁੱਧੀ ਤੇ ਇੰਦ੍ਰੀਆਂ ਆਦ ਦਾ ਪ੍ਰੇਰਕ ਅਤੇ ਸੁਖ ਵੇਲੇ ਸੁਖ ਅਰੁ ਦੁਖ ਸਮੇਂ ਦੁਖ ਦਾ ਅਨੁਭਈਆ ਜੋ ਅੰਤ੍ਰਯਾਮੀ ਇਸ ਸ਼ਰੀਰ ਦਾ ਹਾਕਮ ਹੈ ਪੂਜਣ ਗੁਰੂ ਹੈ। ਯਥਾ:-

"ਬੋਲਨਿ ਹਾਰ ਪਰਮ ਗੁਰੁ ਏਹੀ"

ਅਰਥ ਇਹ ਕਿ ਜੋ ਇਸ ਸਰੀਰਵਿਚ ਬੋਲਨਹਾਰਾ (ਸਭ ਅਵਸਥਾ ਦਾ ਜਾਨਣ ਜਨੌਨ ਹਾਰਾ) ਅੰਤਰ ਆਤਮਾ ਸਭਦਾ ਆਪਨਾ ਆਪ ਹੈ ਉਹੀ ਪਰਮ ਗੁਰੂ ਹੈ। ਤਾਂਤੇ ਪਰਾਮਾਤਮਾ ਦੇ ਨਾਮ ਸਿਮਰਣ ਦ੍ਵਾਰੇ ਸਾਰੇ ਦੁਖਾਂ ਦੇ ਕਾਰਣ ਸੰਸਾਰ ਦਾ†ਤਿਆਗ ਕਰਕੇ ਆਪਨੇ ਆਪਨੂੰ ਖੋਜੋ। ਕਿਉਂਕਿ

"ਆਵਨ ਆਏ ਸਰਿਸ਼ਟਿ ਮਹਿ ਬਿਨ ਬੂਝੇ ਪਸੁ ਢੋਰ"

ਜੋ ਔਨ ਹਾਰੇ ਜੀਵ ਇਸ ਸਰਿਸਟੀ ਵਿਚ ਉਪਜੇ ਹਨ ਸੋ ਕੇਵਲ ਇਸ ਆਤਮ ਦੇਵ ਦੀ ਪਛਾਨ ਅਰ ਪ੍ਰਾਪਤੀ ਵਾਸਤੇ ਹੀ ਉਪਜੇ ਹਨ। ਜੇ ਮਨੁੱਖ ਸਰੀਰ ਜੈਸੀ ਅਮੋਲਕ ਬਸਵੱਟੀ ਨੂੰ ਪਾਕੇ ਭੀ ਇਸ ਅੰਤਰੀਵ ਰਾਤਨ ਦੀ ਸੋਝੀ ਨਾ

---

†ਭਾਵ "ਰੇਮਨਐਸੋ ਕਰਿਸੰਨਿਆਸਾ। ਬਨਸੇ ਸਦਨ ਸਭੈ ਕਰਿਸਮਝਹੁ ਮਨ ਹੀ ਮਾਂਹਿ ਉਦਾਸਾ" ਇਸ ਦਸਮ ਪਾਤਿਸ਼ਾਹ ਜੀਦੇ ਵਾਕ ਅਨੁਸਾਰ ਸਭਤੋਂ ਉਦਾਸਮਨ ਹੋਕੇ॥

ਲਈ ਤਾਂ ਇਸ ਸੂਝ ਬਿਨਾਂ ਇਹ ਮਨੁਖ ਪਸ਼ੂ ਸਮਾਨ ਹੀ ਹੈ, ਪਸ਼ੂ ਭੀ ਕੈਸਾ ਜੋ ਢੋਰ ਹੁੰਦਾ ਹੈ, ਦਿਨ ਰਾਤ ਰੂੜੀਆਂ ਤੇ ਹੀ ਰੁਲਦਾ ਰਹਿੰਦਾ ਹੈ। ਨਾਂ ਕੋਈ ਉਸਦਾ ਖਸਮ, ਨਾਂ ਗੁਸਾਂਈ, ਨਾਂ ਥਾਂ, ਨਾਂ ਥਿੱਤਾ, ਬੱਸ ਬਿਰਥਾ ਹੀ ਕਲੇਸ਼ ਵਿਚ ਆਰਬਲਾ ਦੇ ਦਿਨ ਕੱਟਦਾ ਹੈ। ਅਰੁ ਜੇ ਕਿਸੇ ਨੇ ਆਪਨੇ ਆਪਨੂੰ ਜਜੋਂ ਕਾ ਤਜੋਂ (ਸਤਿਗੁਰਾਂ ਨੂੰ ਮਿਲ ਕੇ) ਪਛਾਨ ਲਿਆ ਤਾਂ ਬਸ

"ਜਿੱਤਾ ਜਨਮੁ ਅਪਾਰ ਆਪੁ ਪਛਾਣਿਆ"

ਉਸਨੇ ਆਪਨੇ ਜਨਮ ਨੂੰ ਐਸਾ ਉਤਮ ਜਿੱਤਿਆ ਹੈ, ਕਿ ਜਿਸਦਾ ਕੋਈ ਹੱਦ ਹਿਸਾਬ ਹੀ ਨਹੀ ਅਰਥਾਤ ਫੇਰ ਉਸਦੇ ਪਾਰਾਵਾਰ ਨੂੰ ਕੋਈ ਨਹੀ ਪਾ ਸਕਦਾ। ਨਾਂ ਉਸ ਪਰ ਧਰਮਰਾਜ ਦੀ ਕਾਨ ਤੇ ਨਾਂ ਹੀ ਮਾਇਆ ਦੇ ਫੰਦੇ ਦਾ ਕਿਸੇ ਭਾਂਤ ਦਾ ਡਰ ਰਹਿੰਦਾ ਹੈ॥

ਪਰ ਇਹ ਸੂਝ ਪ੍ਰਾਪਤ ਕੈਸੇ ਹੋਸਕੇ। ਸੋਈ ਬਾਰਤਾ ਗੁਰੂ ਸ਼ਾਹਬ ਵਰਨਣ ਕਰਦੇ ਹਨ:-

"ਪੰਚਤਤ ਮਿਲਿ ਕਾਇਆ ਕੀਨੀ॥ ਤਿਸਵਿਚ
ਰਾਮ ਰਤਨ ਲੈ ਚੀਨੀ। ਆਤਮ ਰਾਮ ਰਾਮ
ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ
ਹੇ"

ਅਰਥ—ਇਹ ਕਾਇਆਂ (ਸਰੀਰ) ਅਕਾਸ, ਪੌਣ, ਅਗਨੀ, ਜਲ ਅਰ ਪਿਰਥਵੀ ਏਨਾਂ ਪੰਜਾਂ ਤੱਤਾਂ ਦਾ ਰਚਿਆ ਹੋਇਆ ਹੈ (ਪੰਜਾਂ ਤਤਾਂ ਤੋਂ ਜਿਸ ਭਾਂਤ ਸਰੀਰ ਦੀ ਰਚਨਾ ਹੁੰਦੀ ਹੈ ਉਹ ਪ੍ਰਕਾਰ ਆਨੰਦ ਭਾਸਕਰ ਨਾਮ ਗ੍ਰੰਥ ਵਿਖੇ ਨਿਰੂਪਨ ਕੀਤਾ ਜਾਚੁੱਕਾ ਹੈ ਇਸਵਾਸਤੇ ਏਥੇ ਨਹੀ ਲਿਖਯਾ) ਸੋ ਏਸ ਪੰਜ ਭੂਤਕ ਸ਼ਰੀਰ ਵਿਖੇ ਇਸਤੋਂ ਨਿਆਰਾ ਇਸਦੀ

ਸਰਬੱਤ ਕਾਰਰਵਾਈ ਦੇ ਜਾਨਨਿਹਾਰਾ ਅਰੁ ਇਸਨੂੰ ਆਪਨੀ ਕਿਰਿਆ ਆਦ ਸਾਧਨੇ ਵਿਖੇ ਪਰਵਿਰਤ ਕਰੌਨ ਵਾਲਾ ਜੋ ਪੈਰ ਦੇ ਅੰਗੂਠੇ ਤੋਂ ਲੈਕੇ ਸਿਰ ਦੀ ਚੋਟੀ ਪ੍ਰਯੰਤ ਰੋਮ ੨ ਵਿਖੇ ਰਮਿਆ ਹੋਇਆ ਹੈ ਉਸੇ ਨੂੰ ਹੀ ਵੱਖਰਾ ਖੋਜ ਕਰਕੇ ਰਾਮ ਰੂਪ ਸਮਝੋ। ਜੇਹਾ ਕਿਃ—

"ਸਾਧੋ ਇਹੁ ਤਨ ਮਿਥਿਆ ਜਾਨਉ । ਯਾ ਭੀਤਰਿ ਜੋ ਰਾਮ ਬਸਤੁ ਹੈ ਸਾਚਤੇ ਤਾਂਹਿ ਪਛਾਨਉ"।

ਅਰੁ ਏਹੀ ਦੇਹ ਦਾ ਸਾਖੀ ਸਰੂਪ ਰਾਮ ਆਤਮਾ ਆਪਨਾ ਆਪ ਹੈ ਅਤੇ ਜੋ ਸਭਦਾ ਆਪਨਾ ਆਪ ਰੂਪ ਹੈ ਓਹੀ ਰਾਮ ਹੈ ॥ ਯਥਾਃ-

"ਸਭੈ ਘਟਿ ਰਾਮ ਬੋਲੈ ਰਾਮ ਬੋਲੈ ਰਾਮ ਬਿਨਾਂ ਕੋ ਬੋਲੈ ਰੇ । ਏਕਲ ਮਾਟੀ ਕੁੰਚਰ ਚੀਟੀ ਭਾਂਜਨ ਹੈ ਬਹੁ ਨਾਨਾ ਰੇ।ਅਸਥਾਵਰ ਜੰਗਮ ਕੀਟ ਪਤੰਗਮ ਸਭਘਟ ਰਾਮ ਸਮਾ-ਨਾਰੇ।"

ਸੋ ਐਸਾ ਚੁਰਾਸੀ ਲੱਖ ਜੂਨ ਦੇ ਅੰਤਰ ਵਰਤੀ ਸਰਬੱਤ ਸ਼ਰੀਰਾਂ ਵਿਖੇ ਜੋ ਜੀਵ ਰੂਪ ਹੋਕੇ ਇਕ ਸਮਾਨ ਬਿਆਪਿਆ ਹੋਇਆ ਰਾਮ ਹੈ, ਉਸ ਹਰੀ ਸਰੂਪ ਆਤਮਾ ਨੂੰ ਗੁਰ ਸਬਦ ਵਿਖੇ ਵਿਚਰਕੇ ਹੀ ਪਾ ਸੱਕੀਦਾ ਹੈਅਰਥਾਤ ਸਤਿਗੁਰਾਂ ਦੇ ਮੰਤ੍ਰ ਦਾ ਅਭਿਆਸ ਕਰਨ ਕਰਕੇ ਹੀ ਓਸ ਭਗਵੰਤ ਦੀ ਪ੍ਰਾਪਤੀ ਜੀਵਾਂ ਨੂੰ ਹੋ ਸਕਦੀ ਹੈ। ਜੈਸਾ ਕਿਃ-

"ਗੁਰਮਤ ਲੇਹੁ ਤਰਹੁ ਸਚ ਤਾਰੀ।ਆਤਮ ਚੀਨਹੁ ਰਿਦੈ ਮੁਰਾਰੀ"॥

ਉਮੈਦ ਹੈ ਏਥੋਂ ਤਕ ਇਹ ਚੰਗੀਤਰਾਂ ਸਮਝ ਆ ਹੀ ਗਿਆ ਹੋਊ ਕਿ ਜੀਵ ਨੂੰ ਭਗਵੰਤ ਦੀ ਪ੍ਰਾਪਤੀ ਕਿਸ ਭਾਂਤ ਹੋ ਸਕਦੀ ਹੈ ਅਰੁ ਕਿਸਤਰਾਂ ਉਹ ਸੰਸਾਰੀ ਕਲੇਸਾਂ ਤੋਂ ਮੁਕਤ ਹੋਸਕਦਾ ਹੈ ਪਰ ਇਹ ਭੇਤ ਜਾਨਨ ਦੀ ਸਿੱਕ ਅਜੇ ਜ਼ਰੂਰ ਹੀ ਮਨ ਵਿਚ ਹੋਵੇਗੀ ਕਿ ਪੂਰੇ ਗੁਰੂ ਕੌਨ ਹੁੰਦੇ ਹਨ ਤੇ ਅਸਲ ਗੁਰਮਤ ਅਰਥਾਤ ਗੁਰਮੰਤ੍ਰ ਕੀਹ ਹੈ। ਸੋ "ਘਰਿ ਮੇਂ ਘਰੁ ਦਿਖਾਇ ਦੇਇ ਸੋਸਤਿਗੁਰਪੁਰਖ ਸੁਜਾਨ" ਐਸੇ ਜੋ ਇਸ ਸਰੀਰ ਰੂਪ ਮੰਦਿਰ ਦੇਅੰਦਰ ਹੀ ਨਿਜਘਰ ਸਰੂਪ ਆਪਨਾ ਆਪ ਦਿਖਾਲ ਦੇਵਨ, ਉਹ ਪੂਰੇ ਸਤਿਗੁਰੂ ਸਮਝਨੇ ਚਾਹੀਏ ਅਰੁ:—

"ਸਦ ਹਜੂਰ ਜਾਣੁ ਭਗਵੰਤ। ਪੂਰੇ ਗੁਰ ਕਾ
ਪੂਰਣ ਮੰਤੁ"

ਭਗਵੰਤਨੂੰ ਸਦਾ ਹੀ ਹਾਜਰ ਨਾਜਰ ਆਪਨੇ ਅੰਦਰ ਆਪਨੇ ਆਪ ਵਿਖੇ ਸਮਾਇਆ ਹੋਇਆ ਜਾਨ! ਹੇ ਪਿਆਰੇ ਅਧਿਕਾਰੀ!! ਇਹ ਪੂਰੇ ਗੁਰਾਂ ਦਾ ਪੂਰਣ ਮੰਤ੍ਰ ਹੁੰਦਾ ਹੈ। ਦੂਜੇ ਅੱਖਰਾਂ ਵਿਚ ਉਨਾਂ ਅਧਿਕਾਰੀਆਂ ਲਈ 'ਜਿਹੜੇਐਸਾ ਵਿਚਾਰਕੇ ਘਾਬਰ ਉਠਨ ਵਾਲੇ ਹਨ ਕਿ ਭਲਾ ਸਰਬਦਾ ਕਾਲ ਭਗਵੰਤ ਨੂੰ ਕਿਸਤਰਾਂ ਹਾਜਰ ਨਾਜਰ ਅਰੁ ਆਪਨੇ ਆਪ ਵਿਖੇ ਸਮਾਇਆ ਹੋਇਆ ਯਾਦ ਰਖਿਆ ਜਾ ਸਕਦਾ ਹੈ ਗੁਰੂ ਸਾਹਬ ਸੁਖਾਲੇਢੰਗ ਨਾਲ ਉਸਭੇਦ ਨੂੰ ਇਉਂ ਪ੍ਰਗਟ ਕਰਦੇ ਹਨ:—

"ਮਨ ਮਾਹਿ ਜਾਪਿ ਭਗਵੰਤੁ। ਗੁਰਿਪੂਰੈ ਇਹੁ ਦੀਨੋ ਮੰਤੁ"

ਕਿ ਪੂਰੇ ਗੁਰਾਂ ਨੇ ਇਹ ਮੰਤਰ ਦਿੱਤਾ ਹੈ ਕਿ ਭਗਵੰਤ ਨੂੰ ਸਰਬ ਠੌਰ ਪਰੀਪੂਰਣ ਸਮਝਕੇ ਆਪਨੇ ਅੰਦਰੇ ਅੰਦਰ

ਹੀ ਜਪਦਾ ਰਹੇ।

"ਅਨ ਦਿਨੁ ਧਿਆਈਐ ਨਾਮੁ । ਸਫਲ ਨਾਨਕ ਇਹੁ ਕਾਮ"

ਅਰਥਾਤ ਦਿਨ ਰਾਤ ਇਕ ਰਸ ਨਾਮ ਦਾ ਹੀ ਅਰਾਧਨ ਕਰਦੇ ਰਹੋ ਏਹੋ ਹੀ ਸਫਲਾ ਕੰਮ ਹੈ॥

ਨਾਮ ਇਹ ਇਕ ਐਸਾ ਸਬਦ ਹੈ ਜਿਸਦੇ ਬਹੁਤ ਸਾਰੇ ਅਰਥ ਹਨ। (ਜੇ ਪਾਠੀ ਧਿਆਨ ਕਰਕੇ ਦੇਖਨ ਤਾਂ ਗੁਰੂ ਗ੍ਰੰਥ ਸਾਹਬ ਵਿਚ ਕਿਤ ਤਾਂ ਮੰਮਾ ਅਖਰ ਮੁਕਤਾ ਹੁੰਦਾ ਹੈ,ਕਿਤੇ ਇਸ ਨਾਲ ਸਿਆਰੀ ਅਤੇ ਕਿਤੇ ੨ ਔਂਕੁੜ ਹੁੰਦਾ ਹੈ,ਇਨਾਂ ਲਗਾਂ ਮਾਤ੍ਰਾਂ ਨਾਲ ਏਸ ਸਬਦ ਦੇਅਰਥ ਅੱਡ ੨ ਸੂਚਨ ਕਰਾਏ ਹੁੰਦੇ ਹਨ ਪਰ ਏਸ ਗੂੜਤਾ ਨੂੰ ਵਿਰਲੇ ਵਕਤਾ, ਅਰਥਕਰਨਵਾਲੇ ਗਯਾਨੀਹੀ ਸਮਝ ਸਕਦੇਹਨ ਭਲਾ ਜਦ ਅਰਥ ਕਰਨ ਵਾਲਿਆਂ ਵਿਚੋਂ ਭੀ ਇਸਦੇ ਵਿਰਲੇ ਹੀ ਭੇਤੀ ਹਨ ਤਾਂ ਅਰਥਾਂ ਤੋਂ ਅਨਜਾਨ ਪਾਠੀਆਂਨੂੰ ਇਸਦੀ ਕੀਹ ਸੂਝ ਹੋ ਸਕਦੀ ਹੈ। ਗੱਲ ਕੀਹ ਕਿ ਇਸ ਸਬਦ ਦੇ ਬਹੁਤੇ ਅਰਥਾਂ ਦੇ ਹੋਨ ਕਰਕ। ਅਨੁਭਵ ਗਯਾਨ ਤੋਂ ਛੁਛੇ ਗੁਰੂਆਂ ਨੇ ਭੋਲੇ ਭਾਲੇ ਅਧਿਕਾਰੀਆਂ ਨੂੰ ਉਲਟੇ ਭਰਮ ਵਿਚ ਪਾਵਨ ਦਾ ਬੜਾ ਭਾਰਾ ਘਮਸਾਨਮਚਾ ਰਖਿਆ ਹੋਇਆ ਹੈ। ਉਨਾਂ ਨੂੰ ਆਪਨੀ ਕਲਿਆਨ ਦਾ ਫਿਕਰ ਤਾਂ ਜੋ ਹੈ ਸੋ ਅੰਤਰਯਾਮੀ ਜਾਨਦਾ ਹੀ ਹੈ ਪਰ ਸੁਆਰਥ ਪਿਛੇ ਦੂਜੇ ਅਧਿਕਾਰੀਸਰੀਰਾਂ ਨੂੰਅੰਨੇਖਾਤੇ ਵਿਚਸੁਟਨੋਂ ਜਰਾਭਰ ਭੀ ਨਹੀਸੰਗਦੇਹੱਨਏਸੇ ਪਰਥਾਯ ਸਿਰਕਤ੍ਰਾ ਸੁੰਦਰ ਬਚਨ ਕਿਸੇ ਨੇ ਉਚਾਰਿਆ ਹੈ ਕਿ 'ਗਲੀ ੨ ਗੁਰੂਆ ਫਿਰੇ ਭਾਈ ਦੀਖਆ ਲੇਹੁ ਨਰਕ ਜਾਓ ਕੇ ਸੁਅਰਗ ਸਿਧਾਰਹੁ ਮੋਕੋ

ਲਛੂਆ ਦੇਹੁ' । ਅਗੇ ਸਰਬੱਤ ਲੋਕ ਜਾਨਦੇ ਹੀ ਹਨ ਕਿ 'ਗੁਰ ਬਿਨ ਗਤਿ ਨਹੀ, ਸ਼ਾਹ ਬਿਨ ਪਤਿ ਨਹੀ' ਅਰੁ ਟੂਰੂ ਜੀ ਅਤੇ ਹੋਰ ਸਭਨਾਂ ਸੰਪਰਦਾਵਾਂ ਦਾ ਮਤ "ਗੁਰ ਬਿਨੁ ਗਤਿ ਨਹਿ ਪਾਈਐ ਮੀਤਾ" ਭੀ ਕੋਈ ਨਾਂ ਕੋਈ ਲੋਕਾਂ ਨੇ ਸੁਣਿਆ ਸੁਣਾਇਆ ਹੁੰਦਾ ਹੀ ਹੈ ਜਿਸ ਕਰਕੇ ਗੁਰੂ ਕਾਰਨ ਦੀ ਉਨਾਂ ਨੂੰ ਭੀ ਲੋੜ ਹੀ ਹੁੰਦੀ ਹੈ। ਸੋ ਜੋ ਸਿਰ ਦਿਤਿਆਂ ਮਿਲਨ ਵਾਲੇ ਗੁਰੂ ਸਾਹਬ ਦੇ ਅੰਮ੍ਰਿਤ ਦੀ ਪ੍ਰਾਪਤੀ ਜਿਸ ਤਰਾਂ ਅਜ ਕਲ ਬਹੁਤ ਕਰਕੇ ਕਈਆਂ ਨੇ ਪੰਜ ਪੈਸੇ ਦੇ ਪਤਾਸਿਆਂ ਤੋਂ ਸਮਝ ਰੱਖੀ ਹੈ ਉਸੇ ਤਰਾਂ ਘਰ ਤਾਰਨ ਆਏ ਸੰਤ ਜੀ ਭੀ ਸਦਾ ਪੈਸੇ ਦੇ ਪਰਸ਼ਾਦ ਉਪਰ ਹੀ ਰੀਝਦੇ ਬਸ ਮੁਕਤੀ ਦਾ ਪਰਵਾਨਾ ਨਾਮ ਧਰੀਕ ਸਿਖਾਂ ਨੂੰ ਬਖਸ਼ ਦਿੰਦੇ ਹਨ।

ਇਸਦਾ ਫਲ ਇਹ ਨਿਕਲਦਾ ਹੈ ਕਿ ਕੋਈ ਤਾਂ ਉਸੇ ਵੇਲੇ ਹੀ ਅਪਨੇ ਆਪ ਨੂੰ ਗਤੀ ਦਾ ਉਮੇਦ ਵਾਰ ਮੰਨ ਲੈਂਦੇ ਹਨ ਤੇ ਅਗੇ ਲਈ ਨਾਮ ਜਪਨ ਦੀ ਕੋਈ ਲੋੜ ਹੀ ਨਹੀਂ ਸਮਝਦੇ। ਪਰ ਕੋਈ ਸੂਧੇ ਚਿਤ ਵਾਲੇ ਸਰਧਾਵੰਦ ਪਰੇਮੀ ਭੀ ਵਿੱਚ ਫਸੇ ਹੁੰਦੇ ਹਨ, ਜਿਹੜੇ ਕਿ ਥੋੜੀ ਬਹੁਤ ਵਾਹ ਲਗਦੀ ਕੁਛ ਨਾ ਕੁਛ ਨਿਤਨੇਮ ਦੀ ਪਾਲਨਾ ਕਰਦੇ ਹਨ। ਪਰ "ਰਾਮ ਭਜਨ ਕੀਮਤਿ ਹੈ ਹੋਰਾ। ਵਰਮੀ ਮਾਰੀ ਸਾਂਪੁ ਨ ਮਰਈ ਕਹਿਆ ਨ ਸੁਨਈ ਡੋਰਾ" ਅੰਨੇ ਖੂਹ ਵਿਚ ਇੱਟ ਸੁੱਟੀ ਦਾ (ਉਨਾਂ ਨੂੰ) ਕੁਝ ਪਤਾ ਹੀ ਨਹੀਂ ਲਗਦਾ। ਸਾਂਤ ਕਿਸ ਤਰਾਂ ਆਵੇ, ਪਏ ਅੰਦਰੇ ਅੰਦਰ ਖਿਝਦੇ ਹਨ 'ਇਤਕੇ ਰਹੇ ਨ ਉਤਕੇ ਹੂਏ। ਰੋਤੇ ਖਾਤ ਬੀਚ ਮੇ ਮੂਏ' ਡਰਦੇ ਹਨ ਕਿ ਗੁਰੂ ਭੀ ਧਾਰਿਆ ਤੇ ਸ਼ਾਂਤੀ ਭੀ ਨਾ

ਆਈ। ਹੁਣ ਕੀ ਕਰੀਏ ਦੂਜੀ ਥਾਂਏ ਜਾਨ ਜੋਗੇ ਨਹੀਂ ਰਹੇ,ਪਏ ਚਿੰਤਾ ਵਿਚ ਸੜਦੇ ਤੇ ਦੁਖੀ ਹੁੰਦੇ, ਆਰਬਲਾ ਦੇ ਦਿਨ 'ਭੰਗ ਦੇ ਭਾੜੇ' ਬਿਤੌਂਦੇ ਹਨ। ਪਰੰਤੂ ਪੁਛਦੇ ਯਾ ਵਿਚਾਰਦੇ ਨਹੀਂ ਹਨ ਕਿ ਗੁਰੂ ਦੇ ਲੱਛਣ ਕੀ ਹੁੰਦੇ ਹਨ!

ਵਿਚਾਰ ਕੀਤਿਆਂ ਜੇ ਤਾਂ ਗੁਰੂ ਵਿਚ ਸਭ ਲੱਛਣ ਘਟ ਜਾਣ, ਤਦ ਤਾਂ ਜੋ ਰਾਹ ਉਸਨੇ ਦਸਿਆ ਹੈ ਉਹ ਹੁਕਮ ਕਰਤਾਰ ਦਾ ਅਮਿਟ ਹੈ ਕਦਾਚਿਤ ਭੀ ਉਸ ਗੁਰੂ ਦਾ ਆਸਰਾ ਨਹੀਂ ਛਡਨਾ ਚਾਹੀਏ। ਜੋ ਛਡੇਗਾ ਤਾਂ ਬਿਭਚਾਰਨੀ ਇਸਤ੍ਰੀ ਤਰਾਂ ਲੋਕ ਪ੍ਰਲੋਕ ਚੋਂ ਹੀ ਭ੍ਰਸ਼ਟ ਹੋਵੇਗਾ। ਪਰ ਜੇ ਲਛਣ ਨਾ ਘਟਨ ਤਦ ਭੀ ਜੇ ਮਾਰੇ ਡਰਏ ਨਾਤਿਆਗੇ ਤਾਂ ਉਸਦਾ ਲੋਕ ਪਰਲੋਕ ਨਸ਼ਟ ਹੋ ਜਾਵੇਗਾ ਕਯੋਂਕਿ:-

"ਕਾਚੇ ਗੁਰੰਤੇ ਮੁਕਤ ਨ ਹੋਈ"

ਦੇਖੋ-:ਇਕ ਜਲੰਧਰ ਨਾਮਵਾਲਾ ਦੈਤਬੜਾਬਲੀਹੋਯਾ ਹੈ ਉਸਦੀ ਇਸਤ੍ਰੀ ਬ੍ਰਿੰਦਾ ਨਾਮ ਵਾਲੀ ਬੜੀ ਧਰਮਾਤਮਾ ਪਤਿਬ੍ਰਤਾ ਸੀ। ਇਸਤ੍ਰੀ ਦੇ ਸਤ ਦੇ ਪ੍ਰਭਾਵ ਕਰਕੇ ਉਸਤੇ ਕੋਈ ਜੇ ਨਹੀਂ ਸੀ ਪਾ ਸਕਦਾ। ਤੇ ਓਹ ਹੰਕਾਰੀ ਹੋਇਆ ੨ਦੇਵਤਿਆਂ ਤੇ ਮਨੁਖਾਂ ਨੂੰ ਬੜਾ ਕਸ਼ਟ ਦੇਂਦਾਸੀ। ਉਸਦੇਘੋਰ ਪਾਂਪਾਦੇਕਾਰਣ ਵਿਸ਼ਨੂਭਗਵਾਨ ਮੂਰਤੀਮਾਨ ਹੋਕੇਆਪ ਉਸ ਨਾਲ ਲੜਨ ਆਏ ਪਰ ਕਈ ਦਿਨ ਦੇ ਜੁਧ ਹੋਣ ਨਾਲ ਭੀ ਉਹ ਹਾਰਿਆ ਨਾ। ਤਾਂ ਅੰਤਰਯਾਮੀ ਭਗਵਾਨ ਨੇ ਜਾਨ ਲਿਆ ਕਿ ਇਹ ਅਪਨੀ ਪਤਿਬ੍ਰਤਾ ਇਸਤ੍ਰੀ ਦੇ ਸਤ ਦੇ ਕਾਰਣ ਨਹੀਂ ਹਰਦਾ। ਹੋਵੇ ਨਾਂ, ਤਾਂ ਉਸਦਾ ਸਤ ਭੰਗ ਕਰਕੇ ਦੁਖੀਆਂ ਦੀ ਰਖਿਆ ਕਰਾਂ; ਪਰ ਸਤੀ ਦਾ ਸਤ ਭੰਗ

ਕਰਨਾ ਕੋਈ ਸਹਜ ਬਾਤ ਨਹੀਂ ਉਸਨੇ ਤਾਂ ਪਰ ਪੁਰਖ ਦੇ ਦਰਸ਼ਨ ਹੀਨਹੀਂ ਕਰਨੇ। ਅਤੇ ਬਿਭਚਾਰ ਵਾਸ਼ਨਾ ਨੂੰ ਲੈਕੇ ਉਸਦੇ ਸਨਮੁਖ ਜਾਨਾ ਭੀ ਮਾਨੋ ਆਪਨੇ ਮਿਰਤੂ ਕਾਲ ਨੂੰ ਆਪਨੇ ਆਪਦੀ ਭੇਟਾ ਕਰਨ ਜਾਨ ਸਮਾਨ ਹੁੰਦਾ ਹੈ। ਪਰ ਜੇਇਸੀ ਭਾਂਤਕਿਸੇ ਸਾਧ ਸੰਤਦੀਮੂਰਤੀ ਧਾਰਕੇ ਜਾਵਾਂ ਤਦ ਅਧਰਮ ਵਿਚ ਪਰਵਿਰਤੀ ਅਜੋਗ ਹੈ। ਇਸ ਲਈ ਹੋਵੇ ਨਾਂ ਤਾਂ ਉਸਦੇ ਪਤੀ ਦਾ ਰੂਪ ਧਾਰਕੇ ਹੀ ਉਸਦਾ ਧਰਮ ਹਤ ਕਰਾਂ।ਐਸਾ ਵਿਚਾਰ ਕੇ ਭਗਵਾਨ ਨੇਜੰਲੰਧਰਦਾ ਸਰੂਪਧਾਰ ਜਾ ਉਸਦਾ ਸਤ ਭੰਗ ਕੀਤਾ। ਬ੍ਰਿੰਦਾ ਬੜੀ ਸਿਆਣੀ ਸੀ ਜਦ ਕਾਮ ਦਾ ਬੇਗ ਸਾਂਤ ਹੋਇਆ ਤਾਂ ਸਮਝੀ ਕਿ ਮੇਰੇ ਪਤੀ ਦੇ ਅੰਗ ਤਾਂ ਪੱਥਰ ਦੀ ਤਰਾਂ ਕਰੜੇ ਸਨ ਤੇ ਇਸ ਮੂਰਤੀ ਦੇ ਬਦਨ ਦੀ ਕੋਮਲਤਾ ਅਪਾਰ ਹੈ, ਹੋਵੇ ਨਾ ਤਾਂ ਇਹ ਵਿਸ਼ਨੂ ਭਗਵਾਨ ਹੀ ਹੈ। ਝਟ ਕ੍ਰੋਧਵਾਨ ਹੋਕੇ ਬੋਲੀ ਕਿ ਹੇ ਭਗਵਾਨ! ਤੂੰ ਆਪਨੀ ਸਰਬੱਗਤਾ ਦੇ ਅਭਿਮਾਨ ਵਿਚ ਆਕੇ ਮੇਰਾ ਸਤ ਭੰਗ ਕੀਤਾ ਹੈ ਜਾਹ ਪਥਰ ਹੋਵੇਂਗਾ। ਭਗਵਾਨ ਕੌਤੁਕੀ ਭੀ ਕ੍ਰੋਧ ਵਿਖੇ ਆਕੇ ਬੋਲੇ ਕਿ ਹੇ ਬ੍ਰਿੰਦਾ! ਜੋ ਪਾਪ ਕਰਮ ਕਰਨੇ ਦੇ ਪਹਿਲੇ ਤੇਰੇ ਜੈਸੀ ਦੀ ਸਿਆਨਪ (ਜਿਸ ਭਾਂਤ) ਦੂਰ ਹੋਈ ਰਹੀ ਐਸੇ ਹੀ ਜਾਹ ਤੂੰ ਭੀ ਜੜ ਜੋਨੀ ਨੂੰ ਹੀ ਪਰਾਪਤ ਹੋਵੇਂਗੀ। ਅਰ ਕਲ ਜੁਗ ਵਿਖੇ ਸਾਲਗਰਾਂਮ ਤੇ ਤੁਲਸੀ ਦੀ ਪੂਜਾ ਹੋਇਆ ਕਰੇਗੀ।

ਇਹ ਤਾਂ ਰਹੀ ਕਥਾ—ਤਾਤ ਪਰਜ ਇਸਦਾ ਇਹਹੈ ਕਿ ਜੈਸੇ ਬ੍ਰਿੰਦਾ ਪਹਿਲੇ ਧੋਖੇ ਵਿਚਜੋ ਭੁੱਲਗਈ ਸੋ ਤਾਂ ਭੁੱਲ ਹੀ ਗਈ, ਪਰ ਜਦ ਸੈਸਾ ਪਿਆ ਤੇ ਸਮਝ ਗਈ ਕਿ ਇਹ ਮੇਰਾ ਸੱਚਾ ਪਤੀ ਨਹੀਂ ਹੈ ਤਾਂ ਬਿਨਾਂ ਵਿਚਾਰਦੇ ਹੀ ਉਸਦਾ

ਤਿਆਗ ਕਰਕੇ ਉਸਨੂੰ ਸਰਾਪ ਦੇਦਿੱਤਾ।ਇਸੇ ਭਾਂਤ ਹੀ ਪੂਰੇ ਗੁਰੂਆਂ ਦੀ ਨਿਆਂਈ ਜੋਲੋਕ ਅਖੌਤਾਂ ਨਾਲਪੂਰੇ ਗੁਰੂ ਬਨਕੇ ਅਧਿਕਾਰੀਆਂ ਨੂੰਆਪਨੇ ਸੁਆਰਥਲਈਠਗਦੇ ਫਿਰਦੇਹਨ। ਜਦਖੋਜੀ ਅਧਿਕਾਰੀ ਆਪਨੇ ਅੰਦਰ ਸਾਂਤੀ ਔਦੀਨਾ ਦੇਖਨ ਤੇ ਨਾਂਹੀ ਅੰਦਰ ਦਾ ਕੋਈਭਿਦਧੀਉਨਾਂਨੂੰਖੁੱਲਦਾ ਹੋਵੇਅਥਵਾ ਉਨਾਂ ਗੁਰੂਆਂ ਦੇਸਤਸੰਗ ਵਿਚੋਂ ਪੂਰੀਰ ਤਰਾਂਆਪਨੇ ਸੈਸੇਭੀ ਨਾਂ ਨਵਿਰਤ ਹੋ ਸਕਦੇ ਦਿੱਸਨ ਤਾਂ ਫੇਰਐਸਾ ਜਾਨ ਬੁਝਕੇ ਭੀ ਜੇਕੋਈ ਉਨਾਂਦੀ ਟੇਕ ਪਕੜੀ ਰਖੇਗਾ ਤਾਂ ਨਿਰਸੰਸੇ ਉਸ ਮੂਰਖ ਦਾ ਲੋਕ ਪਰਲੋਕ ਹੀ ਭ੍ਰਸ਼ਟ ਹੋਵੇਗਾ । ਅਰ ਪੂਰਨ ਗੁਰੂਆਂ ਦੇ ਮਿਲਨ ਸਾਰ ਹੀ ਅਧਿਕਾਰੀਆਂ ਉਪਰ ਜੋ ਭੇਦ ਇਕਵਾਰਗੀ ਹੀ ਸਾਰੇ ਯਾਥੋੜੇ ਬਹੁੰਤ ਪਹਿਲੇ ਪਹਿਲਖੁੱਲ-ਦੇ ਹਨ ਗੁਰੂ ਸਾਹਿਬ ਉਸਦਾ ਸੰਖੇਪ ਨਿਰਣਾ ਪ੍ਰਗਟ ਕਰਦੇ ਹਨ। ਉਚਿਤ ਹੈ. ਕਿ ਅਧਿਕਾਰੀ ਜਨ ਪੜਤਾਲ ਕਰ ਲੈਣ:—

ਆਸਾਰਾਗ ਵਿਚ ਮ:੩

"ਸਤਿਗੁਰ ਮਿਲਿਐ ਧਾਵਤੁ ਥੰਮਿਆ ਨਿਜ ਘਰਿ ਵਸਿਆ ਆਇ। ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਇ। ਧਾਵਤੁ ਥੰਮਿਆ ਸਤਿਗੁਰ ਮਿਲਿਐ ਦਸਵਾਂ ਦੁਆਰਪਾਇਆ। ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜੁਗਤੁ ਥੰਮਿ ਰਹਾਇਆ। ਤਹ ਅਨੇਕ ਵਾਜੇ ਸਦਾ ਅਨਹਦੁ ਹੈ ਸਚੇਰਹਿਆ ਸਮਾਏ। ਇਉ ਕਹੈ ਨਾਨਕ ਸਤਿਗੁਰਮਿਲਿ-ਐ ਧਾਵਤੁ ਥੰਮਿਆ ਨਿਜ ਘਰਿ ਵਸਿਆ

ਆਵੈ" ॥ ੪ ॥

ਐਸਾ ਹੀ ਪਹਿਲੀ ਪਾਤਸ਼ਾਹੀ ਜੀਦਾ ਬਚਨ ਹੈ ਜਿਸਦੀਆਂ ਪਹਿਲੀਆਂ ਪੰਗਤੀਆਂ ਇਹ ਹਨਃ—

"ਸਤਿਗੁਰ ਭੇਟੈ ਤ ਸਹਿਸਾ ਤੂਟੈ ਧਾਵਤੁ ਵਰਜ
ਰਹਾਈਐ। ਨਿਝਰੁ ਝਰੈ ਸਹਜ ਧੁਨਿ ਲਾਗੈ
ਘਰ ਹੀ ਪਰਚਾ ਪਾਈਐ"

ਇਸੇ ਭਾਂਤ ਗੁਰੂ ਦੇ ਬਚਨ ਦੀ ਅਮੋਘਤਾ ਪੰਜਵੇ ਪਾਤਸ਼ਾਹ ਦਸਦੇ ਹਨਃ-

"ਗੁਰਕਾ ਬਚਨੁ ਜੀਅ ਕੈ ਸੰਗਿ।
ਗੁਰਕੈ ਬਚਨੁ ਰਚੈ ਰਾਮ ਕੈ ਰੰਗਿ"

(ਪੂਰੇ ਗੁਰਾਂ ਦਾ ਬਚਨ ਸੁਨਦੇ ਸਾਰ ਹਿਰਦੇ ਵਿਚ ਵੱਸ ਜਾਂਦਾ ਹੈ ਅਤੇ ਉਨਾਂਦੇ ਪ੍ਰਭਾਵ ਕਰਕੇ ਸਹਜੇ ਹੀ ਪਰਮਾਤਮਾਂ ਦੇ ਪਰੇਮ ਰੰਗ ਵਿਚ ਚਿਤ ਰਚ ਜਾਇਆ ਕਰਦਾ ਹੈ) ਸੋ ਐਸੇ ਪੂਰੇ ਗੁਰਾਂਦੇ ਦਰਸ਼ਨ ਮਾਤ੍ਰ ਤੋਂ ਜੋ ਲਛਣ ਪ੍ਰਗਟ ਹੋਇਆ ਕਰਦੇ ਹਨ ਉਹ ਇਹ ਹਨ ਕਿਃ—

"ਦਰਸ਼ਨ ਦੇਖਤ ਦੋਖ ਨਸੇ"

ਜਿਤਨੇ ਮਾਤ੍ਰ ਵਿਕਾਰ ਤੇ ਸੰਸੇ ਮਨ ਵਿਚ ਹੁੰਦੇ ਹਨ ਸੋ ਸਭ ਸਾਂਤ ਹੋਜਾਂਦੇ ਹਨ,ਜਿਸਭਾਂਤ ਜੇਠ ਹਾੜਦੀ ਗਰਮੀ ਨਾਲ ਤਪੀ ਹੋਈ ਧਰਤੀ ਤੇ ਅਚੱਨਚੇਤ ਬਰਖਾ ਹੋ ਜਾਨ ਕਰਕੇ ਠੰਡ ਵਰਤ ਜਾਂਦੀ ਹੈ ਐਸੇ ਹੀ ਅਧਿਕਾਰੀ ਦੇ ਅੰਤਾ ਕਰਣ ਵਿਚ ਸ਼ਾਂਤੀ ਦਾ ਪ੍ਰਕਾਸ਼ ਹੋ ਆਇਆ ਕਰਦਾ ਹੈ।

ਹੁਣ ਪਿਛਲੇ ਪਰਸੰਗ ਵੱਲ ਧਿਆਨ ਦੇਵੋ ਕਿ 'ਨਾਮ' ਸਬਦ ਦੀ ਪੂਰੀ ੨ ਸੂਝ ਨਾ ਹੋਣ ਕਰਕੇ ਸੁਆਰਥੀ ਗੁਰੂਆਂ ਨੇ ਕੀਹ ਘਮਸਾਨ ਮਚਾਇਆ ਹੋਇਆ ਹੈ ਤੇ

ਅਸਲ ਨਾਮ ਦੇ ਜਪਣ ਦਾ ਕੀਹ ਗੁੱਝਾ ਮਾਰਗ ਹੈ।

ਆਪ ਮੋਟੀ ਚਾਲ ਚਲਨ ਵਾਲੇ ਉਪਦੇਸ਼ਕ ਬਹੁਤ ਕਰਕੇ ਦੂਜਿਆਂ ਦੇ ਅਧਿਕਾਰ ਦੀ ਪਰਖ ਨਾਂ ਕਰ ਸੱਕਨ ਕਰਕੇ ਸ਼ਰਣ ਆਏ ਅਧਿਕਾਰੀਆ ਨੂੰ ਭੀ ਮੋਟਿਆਂ ਪਾਠ ਆਦਕ ਸਾਧਨਾਂ ਵਿਖੇ ਅਥਵਾ ਕਿਸੇ ਸਥੂਲ ਜਪ ਆਦਕ ਵਿਚ ਹੀ ਲਗਾ ਦਿਆ ਕਰਦੇ ਹਨ । ਪਰ "ਹਰਿ ਜੀਉ ਸੂਖਮ ਅਗਮ ਹੈ ਕਿਤ ਬਿਧ ਪਾਇਆ ਜਾਇ" ਪਰਮਾਤਮਾ ਦੇਵ ਤਾਂ ਪਰਮ ਸੂਖਮ ਸਰੂਪਹੈ ਜਿਥੇ ਮਨਬਾਣੀਦੀ ਗੰਮ ਹੀ ਨਹੀਂ। ਅਰ ਉਸਦੇ ਦਰਬਾਰ ਦੀ ਗਲੀ ਭੀ "ਖੰਨਿਅਹੁ ਤਿੱਖੀ ਵਾਲਹੁ ਨਿੱਕੀ" ਅਰਥਾਤ ਬਹੁਤਹੀ ਤੰਗ ਤੇ ਬੜੀਆਂ ਕਰੜਾਈਆਂ ਨਾਲ ਲੰਘੀ ਜਾ ਸੱਕਨ ਵਾਲੀ ਹੈ ਅਤੇ "ਮਨ ਤਉ ਮੈਗਲੁ ਹੋਇ ਰਹਿਓ ਨਿਕਸਿਓ ਕਿਉ ਕਰ ਜਾਇ" ਮਨ ਭੋਗਾਂ ਆਦਕਾਂ ਦੀਆਂ ਮਲੀਨ ਵਾਸਨਾ ਅਰ ਨਾਨਾਂ ਭਾਂਤ ਦੇ ਖਿਆਲਾਂ ਦੇ ਕਾਰਣ ਹਾਥੀ ਦੀ ਤਰਾਂ ਮੋਟਾ ਹੋਇਆ ੨ ਹੈ; ਭਲਾ ਮੋਟਾ ਹੁੰਦਾ ਹੋਇਆ ਮੋਟੀ ਚਾਲ ਦੁਆਰੇ ਕਿਸ ਭਾਂਤ ਉਸ ਸਚੇ ਦਰਬਾਰ ਦਾ ਰਾਹੀ ਹੋ ਸਕਦਾ ਹੈ। ਅਲਬੱਤਾ ਕੀੜੀ ਦੀ ਤਰਾਂ ਅਤਯੰਤ ਸੂਖਮ ਹੋਕੇ ਉਸ ਨੰਨੇ ਰਾਹ ਵਿਚੋਂ ਲੰਘ ਸਕਦਾ ਹੈ। ਕਯੋਂਕਿ "ਜੈਸਾ ਸੇਵੈ ਤੈਸੋ ਹੋਇ" ਇਸ ਸਿਧਾਂਤਮੂਜਬ ਜੈਸੇ ਅਨੁਸਟਾਨ (ਭਜਨ ਪਾਠ ਦਾ ਸੇਵਨ) ਮਨ ਕਰੇਗਾ ਉਸੇ ਭਾਂਤ ਦੀ ਹੀ ਉਸਦੀ ਸਥੂਲ ਅਥਵਾ ਸੂਖਮ ਅਵਸਥਾ ਹੋਵੇਗੀ ਇਸ ਵਾਸਤੇ ਮੋਟਿਆਂ ਸਾਧਨਾਂ ਨਾਲ ਪਰਮ ਧਾਮਦੀ ਪ੍ਰਾਪਤੀ ਦੀ ਆਸ਼ਾ ਬਿਅਰਥ ਹੈ।

ਦੂਜੇ ਜੋ ਰਸਨਾ ਨਾਲ ਜਪ ਕਰਵਾਕੇ ਉਸ ਦਰਬਾਰ

ਵਿਚ ਪੁਚਾਣਾ ਚਾਹੁੰਦੇ ਹਨ ਸੋ ਉਨਾਂ ਦੀ ਆਸਾ ਭੀ ਏਸੇ ਹੀ ਜਨਮ ਵਿਚ ਪੂਰੀ ਨਹੀਂ ਹੋ ਸਕਦੀ। ਕਯੋਂਕਿ ਪਹਿਲੇ ਤਾਂ 'ਹਰਿ ੨ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ। ਚਿਤ ਜਿਨਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ" ਰਸਨਾ ਜਪਦੀ ਰਹੇ ਪਰ ਚਿਤ ਉਸਦਾ ਕਿਹਾ ਸੁਨਦਾ ਹੀ ਨਹੀ। "ਰਸਨਾ ਜਪਤੀ ਹਰਿ ਹਰਿ ਨਾਮੁ॥ ਮਨੁ ਕੀਨੋ ਦਹ ਦਿਸ ਬਿਸਰਾਮ" ਕਯੋਂ ਜੋ ਮਾਇਆ ਨੇ ਉਸਨੂੰ ਮੋਹਕੇ ਵੱਸ ਕੀਤਾ ਹੋਇਆ ਹੈ ਇਸ ਵਾਸਤੇ ਉਨਾਂ ਭਜਨੀਕਾਂ ਦਾ ਬੋਲਿਆ ਬਿਰਥਾ ਹੀ ਚਲਿਆ ਜਾਂਦਾ ਹੈ। ਦੂਜਾ ਕਾਰਣ ਇਹ ਹੈ ਕਿ ਗੁਰੂ ਜੀਦੀ ਆਗਯਾ ਹੈ ਕਿ "ਆਠ ਪਹਿਰ ਹਰਿ ੨ ਆਰਾਧ" ਪਰ ਅਧਿਕਾਰੀ ਨੇ ਤਾਂ ਸੰਸਾਰੀ ਕੰਮ ਭੀ ਕਈ ਭਾਂਤ ਦੇ ਕਰਨੇ ਹੁੰਦੇ ਹਨ। ਜਿਨਾਂ ਵਿਚ ਅਕਸਰ ਬੋਲਨ ਬੁਲੈਨ ਦੀ ਅਵੱਸ਼ ਕਰਕੇ ਹੀ ਲੋੜ ਪਿਆ ਕਰਦੀ ਹੈ। ਤੇ ਏਹ ਦਸਤੂਰ ਦੀ ਬਾਤ ਹੈ ਕਿ ਹਰ ਇਕ ਇੰਦ੍ਰੀ (ਸਰੀਰ ਵਿਚ ਇਕ ਵੇਲੇ ਇਕੋ ਹੀ ਕੰਮ ਕਰ ਸਕਦੀ ਹੈ ਸੋ ਜਦ ਬਾਣੀ ਦੀ ਇੰਦ੍ਰੀ (ਰਸਨਾ) ਬੋਲਨਿ ਦਾ ਕੰਮ ਕਰੇਗੀ ਤਦ ਜਰੂਰ ਹੀ ਭਜਨ ਵੱਲੋਂ ਬੇਮੁਖ ਰਹੇਗੀ॥ ਅਰ ਐਸਾ ਹੀ ਖਾਨ ਪੀਣ ਆਦ ਵਿਚ ਲਗਿਆਂ ਭੀ ਅਵੱਸ ਹੀ ਭਜਨ ਨਹੀ ਕਰ ਸਕੇਗੀ। ਇਸ ਕਾਰਣ ਗੁਰੂ ਸਾਹਿਬ ਦੀ ਆਗਯਾ ਦੇ ਭੰਗ ਰੂਪ ਪਾਪ ਦੀ ਪ੍ਰਾਪਤੀ ਭੀ ਹੋਵੇਗੀ। ਤੇ ਨਾਲ ਹੀ "ਇਕ ਖਿਣ ਪਿਆਰਾ ਵੀਸਰੈ ਰੋਗ ਵਡਾ ਮਨ ਮਾਂਹਿ" ਛਿਣ ਭਰ ਭਜਨ ਤੋਂ ਵੇਸਲੇ ਹੋਨ ਕਰਕੇ ਵਡਾ ਰੋਗ ਜੋ ਮਾਇਆ ਦੀ ਫਾਹੀ ਹੈ ਉਹ ਮਨ ਨੂੰ ਅਪਨੀ ਫਸੌਤੀ ਵਿਚ ਫਸਾਕੇ ਵਾਹਗੁਰੂ ਦੇ ਚਰਨਾਂ ਵਲੋਂ

ਸਦਾ ਲਈ ਹੀ ਭਟਕਾ ਦਿੰਦੀ ਹੈ। ਸੋ ਮਾਇਆ ਦੇ ਜਾਲ ਵਿਚ ਆਇਆ ਹੋਇਆ ਜਨਮ ਮਰਣ ਵਿਚ ਭਟਕਦਾ ਹੈ। ਜੈਸਾ ਕਿ "ਮਾਇਆ ਜਾਲਿ ਵਤਾਈਦਾ" ਮਾਯਾ ਦੇ ਫੰਦੇ ਵਿਚ ਫਸਿਆ ਹੋਯਾ ਜੀਵ ਮੁੜ ਘਿੜਕੇ ਸੰਸਾਰ ਵਿਚ ਹੀ ਔਂਦਾ ਹੈ। ਤਾਂਤੇ ਰਸਨਾ ਦੇ ਭਜਨ ਦ੍ਵਾਰਾ ਸਭੀ ਮੁਕਤੀ ਦੀ ਉਮੈਦ ਕਦੀ ਨਹੀਂ ਹੋਸਕਦੀ।

ਤੀਜੀ ਬਾਤ ਏਹ ਹੈ ਕਿ ਆਮ ਲੋਕ ਕਿਹਾ ਕਰਦੇ ਹਨ ਕਿ 'ਅੰਤ ਮਤਾ ਸੋਈ ਗਤਾ' ਕਯੋਂਕਿ ਅੰਤ ਵੇਲੇ ਬਹੁਤ ਕਰਕੇ ਸਾਰੇ ਜਨਿਆਂ ਦੀ ਹੀ ਜ਼ਬਾਨ ਬੰਦ ਹੋਜਾਂਦੀ ਹੈ ਸੋ ਜਦ ਜ਼ਬਾਨ ਹੀ ਬੋਲਣੋ ਰਹਿ ਚੁੱਕੀ ਤਦ ਮਨ ਆਪ ਨੀ ਆਦਤ ਮੂਜਬ ਪਤਾ ਨਹੀਂ ਕੀਹ ੨ ਖੋਟੇ ਖਰੇ ਤਰੰਗ ਉਠਾਵੇ ਅਰ ਉਨਾਂ ਤਰੰਗਾਂ ਵਿਚੋਂ ਹੀ ਕਿਸੇ ਦੇ ਬੇਗ ਵਿਚ ਸਾਸ ਨਿਕਲ ਜਾਣ ਤਾਂ "ਜੈਸੀ ਮਨਸਾ ਤੈਸੀ ਦਸਾ" ਵਾਲੇ ਨੇਮ ਅਨੁਸਾਰ ਪਤਾ ਨਹੀਂ ਜੀਵ ਕਿਸ ਉਚ ਨੀਚ ਜੋਨ ਵਿਖੇ ਧਕਿਆ ਜਾਵੇ। ਅਤੇ ਐਸਾ ਹੀ ਸੁਤਿਆਂ ਪਿਆਂ ਜ਼ਬਾਨ ਆਪਨਾ ਕੰਮ ਨਹੀਂ ਕਰ ਸਕਦੀ, ਇਸ ਕਰਕੇ "ਊਠਤ ਬੈਠਤ ਸੋਵਤਿ ਜਾਗਤਿ ਹਰਿ ਧਿਆਈਐ ਸਗਲ ਅਵਰਦਾ ਜੀਉ"

ਏਸ ਬਚਨ ਦੀ ਪਾਲਨਾ ਭੀ ਨਹੀ ਹੋਸਕਦੀ। ਜਿਸ ਬੇਮੁਖਤਾ ਦਾ ਫਲ ਓਹੋ ਉਪਰ ਵਾਲਾ ਹੀ ਹੋਇਆ ਕਰਦਾ ਹੈ ਕਿ ਸੁਤਿਆਂ ਪਿਆਂ ਭੀ ਮਾਇਆ ਦੀ ਗੋਦ ਵਿਚ ਹੀ ਸੌਂਦਾ ਹੈ। ਤੇ ਜੈਸੇ ਅੰਤ ਵੇਲੇ ਮਰਦਿਆਂ ਹੋਇਆਂ ਜ਼ਬਾਨ ਦੇ ਬੰਦ ਹੋਜਾਨ ਕਰਕੇ ਮਾਇਆ ਆਪਨੀ ਫਸੌਤੀ ਵਿਚ ਪ੍ਰਾਣਾਂ ਨੂੰ(ਜੀਵਨੂੰਸਰੀਰ ਵਿਚੋਂ ਨਿਕਲਨ ਸਾਰ) ਫਸਾਕੇ ਫੇਰ

ਦੂਜੀਆਂ ਜੋਨਾਂ ਵਿਚ ਹੀ ਪਟਕਾ ਮਾਰਦੀ ਹੈ। ਜਿਸ ਕਰਕੇ ਮੁਕਤੀ ਦੇ ਦਰਵਾਜੇ ਮਾਨੁਖਾ ਸਰੀਰ ਤੋਂ ਖੁੰਜਕੇ ਫੇਰ ਜੀਵ ਚੁਰਾਸੀ ਦੇ ਚੱਕਰ ਵਿਚ ਹੀ ਧੱਕਿਆ ਜਾਂਦਾ ਹੈ। ਏਸੇ ਤਰਾਂ ਸੁਤਿਆਂ ਪਿਆਂ ਜੁਬਾਨ ਬੰਦ ਹੋਇਆਂ ਭਜਨ ਦੇ ਟੋਟੇ ਦੇ ਕਾਰਣ ਮਾਇਆ (ਜੀਵ ਨੂੰ) ਅਨੰਤ ਪ੍ਰਕਾਰ ਦੇ ਸੁਪਨਿਆਂ ਵਿਚ ਭਟਕਾਕੇ ਦੁਖੀ ਕਰਦੀ ਹੈ। ਇਸ ਲਈ ਜਰੂਰੀ ਹੈ ਕਿ ਰਸਨਾਂ ਦੇ ਭਜਨ ਨੂੰ ਛੱਡਕੇ ਐਸੀ ਜੁਗਤੀ ਦਾ ਆਸਰਾ ਲਿਆ ਜਾਵੇ। ਜਿਸ ਕਰਕੇ ਕਿ ਉਪਰਲਾ ਤੋਟਾ ਨ ਬਿਆਪ ਸੱਕ ਤੇ ਸੱਚੀ ਮੁਕਤੀ ਹੱਥ ਆ ਜਾਵੇ।

ਜਿਤਨੇ ਮਾਤ੍ਰ ਸਚੇ ਅਤਿ ਆਪਨੇ ਧੁਰ ਟਿਕਾਣੇ ਸਿਚ ਨਿਜ ਘਰ ਵਿਖੇ ਪਹੁੰਚੇ ਹੋਏ ਸੰਤ ਮਹਾਤਮਾ ਅਰ ਗੁਰੂ ਆਚਾਰਯ ਲੋਗ ਪਿਛੇ ਹੋ ਗੁਜਰੇ ਅਤੇ ਜਿਤਨੇ ਕਲਿਆਣ ਮਾਰਗ ਦੇ ਉਪਦੇਸ਼ਟਾ ਪੂਰਣ ਗੁਰੂ ਇਸ ਕਾਲ ਵਿਖੇ ਮੌਜੂਦ ਹਨ ਉਨਾਂ ਸਭਨਾ ਦਾ ਹੀ ਵਿਸ਼ੇਸ਼ ਕਰਕੇ ਸਚੇ ਨਾਮ ਉਪਰ ਹੀ ਜੋਰ ਰਿਹਾ ਹੈ। ਜੈਸਾ ਕਿ ਗੁਰੂ ਸਾਹਿਬ ਦੇ ਕਥਨ ਤੋਂ ਪਰਤੀਤ ਹੁੰਦਾ ਹੈ "ਜਪਿ ਮਨ ਸਤਿਨਾਮ ਸਦਾ ਸਤਿਨਾਮੁ। ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖ ਨਿਰੰਜਨਾ" ਅਰ ਉਸ ਸਤਿ ਨਾਮੁ ਦਾ ਭੇਦ (ਭਾਵੇਂ ਬਹੁਤ ਲੋਕਾਂ ਨੂੰ ਪਤਾ ਹੀ ਨਹੀਂ ਲਗ ਦਾ ਪਰ) ਗੁਰੂ ਸਾਹਿਬ ਇਉਂ ਪ੍ਰਗਟ ਕਰਦੇ ਹਨ ਕਿ "ਕ੍ਰਿਤਮ ਨਾਮੁ ਕਥੇ ਤੇਰੇ ਜਿਹਬਾ ਸਤਿਨਾਮੁ ਤੇਰਾ ਪਰਾ ਪੂਰਬਲਾ" ਅਰਥਾਤ ਹੇ ਪਰਮਾਤਮਾ ਜੋ ਤੇਰੇ ਨਾਮ ਕਿਸੇ ਗਾਨ ਕਰਮਆਂਦਕਾਂ ਨੂੰ ਲੈਕੇ ਰਿਖੀਆਂ ਮੁਨੀਆਂ ਤੇ ਕਈਆਂ ਭਗਤਾਂ ਜਾ ਵਿਦਜਾ ਵਾਨਾਂ ਨੇ ਬੇਦਾਂ ਸ਼ਾਸਤ੍ਰਾਂ ਦ੍ਵਾਰੇ ਕਲਪਨਾ ਕੀਤੇ ਹਨ

ਉਹ ਸਭੇ ਹੀ ਕ੍ਰਿਤਮ ਨਾਮ ਹਨ ਅਰਥਾਤ ਆਪਣੇ ਪ੍ਰੇਮ ਤੇ ਭਾਵਨਾ ਮੂਜਬ ਹੀ ਬਨਾਏ ਹੋਏ ਹਨ। ਭਾਵ ਕੀਹ ਕਿ ਜੋ ਨਾਮ ਜ਼ਬਾਨ ਨਾਲ ਲਏ ਜਾਵਨ ਉਹ ਕ੍ਰਿਤਮ ਨਾਮ ਹੀ ਹਨ, ਸੋ ਸਭ ਹੀ ਨਾਸਵੰਤ ਹਨ ਤੇ ਅਮਰ ਪਦਵੀ ਨੂੰ ਪ੍ਰਾਪਤ ਨਹੀਂ ਕਰਾ ਸਕਦੇ। ਅਬਿਨਾਸੀ ਪਦ ਨੂੰ ਤਾਂ ਸਾਖਿਆਤ ਅਬਿਨਾਸੀ ਨਾਮ ਹੀ ਪ੍ਰਾਪਤ ਕਰਾ ਸਕਦਾ ਹੈ ਜੈਸਾ ਕਿ "ਸਤਿ ਨਾਮ ਵਰਤੈ ਹਰਿਦੁਆਰੇ" ਬਰਨ ਹੈ। ਐਸਾ ਜੋ ਅਬਿਨਾਸੀ ਪਦ ਦੀ ਪ੍ਰਾਪਤੀ ਦਾ ਮੁੱਖ ਕਾਰਨ ਸਤਿਨਾਮ ਹੈ ਸੋ "ਧਰਾ ਪੂਰਬਲਾ" ਧੁਰ ਤੋਂ ਹੀ ਇਸ ਸੰਸਾਰ ਵਿਖੇ ਪ੍ਰਾਪਤ ਹੈ। ਅਰ ਜਿਸਦੇ ਜਪਨੇ ਵਿਖੇ ਰਸਨਾ ਦੀ ਕੋਈ ਗੰਮ ਨਹੀਂ, ਜਿਸਦਾ ਸਰੂਪ ਜਨੋਂ ਕਾ ਤਨੋਂ ਕਲਮ ਦੁਆਰੇ ਭੀ ਪ੍ਰਗਟ ਨਹੀਂ ਕੀਤਾ ਜਾ ਸਕਦਾ। ਇਸ ਕਾਰਨ ਗੁਰੂ ਜੀ ਇਉਂ ਦੱਸਦੇ ਹਨ ਕਿ "ਬਿਨ ਜਿਹਵਾ ਜੋ ਜਪੈ ਹਿਆਉ ਕੋਈ ਜਾਣੈ ਕੈਸਾ ਨਾਉ"। ਬਿਨਾਂ ਜ਼ਬਾਨ ਦੀ ਸਹੈਤਾ ਦੇ ਹੀ ਜਿਸ ਨਾਮ ਨੂੰ ਹਿਰਦਾ ਜਪਦਾ ਹੈ ਉਹ ਸਤਿਨਾਮ ਹੈ। ਪਰ ਕੋਈ ਵਿਰਲਾ ਪੁਰਖ ਹੀ ਜਾਣਦਾ ਹੈ ਕਿ ਇਹ ਕੈਸਾ ਅਚਰਜ ਨਾਮ ਹੈ।

ਐਸੇ ਸਤਿਨਾਮ ਰੂਪ ਅਜਪਾ ਜਾਪ ਦਾ ਜੋ ਜਗਯਾਸੂ ਸਦੀਵ ਕਾਲ ਆਸਰਾ ਲੈਂਦਾ ਹੈ (ਗੁਰੂ ਸਾਹਿਬ ਕਹਿੰਦੇ ਹਨ ਕਿ) ਅਸੀ "ਤਾਂ ਕੈ ਸਦ ਬਲਿਹਾਰੈ ਜਾਉ" ਉਸਦੇ ਸਦਾ ਹੀ ਬਲਿਹਾਰ ਕੁਰਬਾਨ ਜਾਂਦੇ ਹਾਂ। ਗੁਰੂ ਸਾਹਿਬ ਭਲਾ ਐਸੇ ਉਪਰੋਂ ਕਿਉਂ ਕੁਰਬਾਨ ਹਨ ? ਇਸ ਵਿਚ ਇਹ ਕਾਰਣ ਹੈ:—

"ਊੱਚ ਧੁਨੀ ਕਰਿ ਜਪਹਿ ਹਜ਼ਾਰ ਤੇ ਸਹੰਸ

ਗੁਣਾਂ ਫਲ ਜਪੈ ਉਪਾਂਸ ।ਮਨ ਕਰਿ ਤਿਸਤੇ
ਭੀਸਹਸੱਰਗੁਣ ਸਾਂਤ ਚਿਤਤਿਸਤੇ ਸਹਸਾਂਸ
। ਸਹਸ ੨ ਗੁਣ ਅਧਿਕ ਜਾਪ ਫਲ
ਸਾਸਤ ਮੋਂ ਹੈ ਕਰਿਓ ਬਖਾਨ । ਯਾ ਨਮਿਤ
ਸੇ ਮੋਖ ਪੰਥ ਸਾਧਕ ਇਕ ਅਜਪਾ ਜਾਪ
ਮਹਾਨ"।

ਭਾਵ ਅਰਥ ਇਹ ਹੈ ਕਿ ਉੱਚੀ ਅਵਾਜ਼ ਨਾਲ ਜਾਪ ਕਰਨ ਨਾਲੋਂ ਜੋ ਸਹਜ ੨ (ਹੌਲੇ ੨) ਕਰਨਾ ਹੈ ਉਸਦਾ ਹਜਾਰ ਗੁਣਾਂ ਵਧਕੇ ਫਲ ਹੁੰਦਾ ਹੈ। ਅਰ ਹੌਲੀ ੨ ਕਰਨ ਤੋਂ ਬੀ ਮਨ ਵਿਚ ਹੀ ਕਰਨ ਦਾ ਹਜਾਰ ਗੁਣਾਂ ਫੇਰ ਵਧਕੇ ਫਲ ਹੋਇਆ ਕਰਦਾ ਹੈ ਅਤੇ ਮਨ ੨ ਵਿਚ ਕਰਨ ਨਾਲੋਂ ਭੀ ਜੋ ਇਕਾਗਰ ਮਨ ਕਰਕੇ ਕਰਨਾ ਹੈ ਉਸਦਾ ਹੋਰ ਹਜਾਰ ਗੁਣਾਂ ਅਧਿਕ ਫਲ ਹੁੰਦਾ ਹੈ। ਸੋ ਇਸ ਭਾਂਤ ਅਨੰਤ ਗੁਨਾਂ ਦੀ ਉਤਪੱਤੀ ਦਾ ਕਾਰਣ ਪਰਮਾ-ਤਮਾ ਦੇ ਸਾਖਸ਼ਾਤ ਗਜਾਨ ਦ੍ਵਾਰੇ ਅਭਜਾਸੀ ਨੂੰ ਨਿਜ ਘਰ ਸਰੂਪ ਪਰਮ ਧਾਂਮ ਵਿਖੇ ਪੁਚਾਵਨ ਵਾਲਾ ਐਸਾ ਅਜਪਾ ਜਾਪ ਹੈ ਜਿਸਦੇ ਪ੍ਰਭਾਵ ਕਰਕੇ ਅਵੱਸ ਹੀ ਅਧਿਕਾਰੀ ਅਕਾਲ ਪੁਰਖ ਵਿਚ ਸਮਾ ਜਾਂਦਾ ਹੈ । ਸੋ ਐਸੇ ਮਹਾਂਨ ਉਚੇ ਪਦ ਤੇ ਪਹੁੰਚਨ ਦਾ ਪਰਮ ਪੂਜ ਅਧਿਕਾਰੀ ਸਮਝਕੇ ਹੀ ਗੁਰੂ ਸਾਹਿਬ ਉਸਤੋਂ ਬਲਿਹਾਰ ਕੁਰਬਾਨ ਹੁੰਦੇ ਹਨ। ਕਜੋਂਕਿ "ਦੇਹੀ ਕਿਸਕੀ ਬਾਪੁਰੀ ਪਵਿਤ੍ਰ ਹੋਇਗੋ ਗਰਾਮ" ਐਸੇ ਅਧਿਕਾਰੀ ਦੇ ਪ੍ਰਭਾਵ ਕਰਕੇ ਨਗਰ ਗਰਾਮ ਆਦਕ ਤਕ ਭੀ ਪਵਿਤ੍ਰ ਹੋਜਾਂਦੇ ਹਨ।

ਉਪਰ ਗੁਰੂ ਸਾਹਿਬ ਦੇ ਕਥਨ ਮੂਜਬ ਇਹ

ਦਸਿੱਆ ਗਿਆ ਹੈ ਕਿ ਅਜਪਾ ਜਾਪ ਰੂਪ ਸਤਿਨਾਮੁ ਜੋ ਰਿਦੇ ਦਾ ਜਪ ਹੈ।ਸੋ ਪਰਾ ਪੂਰਬਲਾ ਹੋਨਤੇ ਭੀ ਵਰਤਮਾਨ ਵਿਖੇ ਇਸਦਾ ਭੇਦ ਜੀਵ ਤੋਂ ਕਰਕੇ ਗੁਝਾ ਹੋਗਿਆਹੈ? ਐਸਾ ਸੰਸਾ ਹੋਨਦੇ ਕਾਰਣ ਇਸਦਾ ਉਤਰ ਇਹ ਹੈ ਕਿ ਜੀਵ ਨੂੰ "ਜਨਮਤ ਮੋਹਿਓ ਮੋਹਣੀ ਮਾਇਆ" ਜਨਮ ਲੈਂਦੇਸਾਰਹੀ ਮੋਹਨੇ ਹਾਰੀ ਮਾਯਾਨੇ ਮੋਹਕੇ ਇਸਦਾਸਾਰਾ ਗਯਾਨ ਹਰਕੇ ਇਸਨੂੰ ਅਗਯਾਨੀ ਆਪਨਾ ਦਾਸ ਬਨਾ ਲਿਆ ਹੈ ਸੋ ਜਦ ਜੀਵ ਆਪਨੇ ਕਿਸੇ ਬੜੇ ਪੂਰਣ ਭਾਗ ਕਰਕੇ ਪੂਰੇ ਗੁਰਾਂ ਨੂੰ ਮਿਲ ਪੈਂਦਾ ਹੈ ਤਾਂ ਉਹ ਇਸਨੂੰ ਇਸਦੇ ਅੰਦਰ ਆਪਨੇ ਆਪ ਨਿਰਜਤਨ ਇਕ ਰਸ ਹੁੰਦੇ ਰਹਿਨਵਾਲੇ ਅਜਪਾ ਜਾਪ ਦੀ ਲਖਤਾ ਕਰਾ ਦਿੰਦੇ ਹਨ। ਜਿਸਦਾ ਪ੍ਰਕਾਰ ਇਹ ਹੈ:-

ਪ੍ਰਾਣ ਏਸ ਸਰੀਰ ਵਿਚ ਜਾਗਦਿਆਂ ਸੌਂਦਿਆਂ ਬੈਠਦਿਆਂ ਉਠਦਿਆਂ ਖਾਂਦਿਆਂ ਪੀਂਦਿਆਂ ਅਤੇ ਗੱਲਾਂ ਬਾਤਾਂ ਕਰਦਿਆਂ ਹੋਇਆਂ ਭੀ ਹਰ ਵੇਲੇ ਹੀ ਆਪਨੀ ਚਾਲ ਵਿਚ ਵਰਤਦੇ ਰਹਿੰਦੇ ਹਨ। ਕਦੀ ਭੀ ਏਨਾਂ ਦੀ ਚਾਲ ਨਹੀਂ ਰੁਕਦੀ ਅਤੇ ਨਾਂਹੀ ਅੰਤ ਵੇਲੇ ਏਨਾਂ ਦੇ ਰੁਕ ਜਾਨ ਵਿਚ ਉਹ ਤੋਟਾ ਭੀ ਬਿਆਪ ਸਕਦਾ ਹੈ। ਕਿਉਂ ਕਿ ਆਂਮ ਲੋਕ ਜਾਨਦੇ ਹਨ ਕਿ ਪ੍ਰਾਣ ਹੀ ਸਰੀਰ ਵਿਚ ਜਾਂਨ ਹੈ,ਸੋ ਜਦ ਤਕ ਇਹ ਦੇਹ ਵਿਚ ਹੋਨ ਸਭ ਕਿਰਿਆ ਹੁੰਦੀ ਰਹਿੰਦੀਹੈ ਪਰ ਜਾਂ ਇਹ ਨਿਕਲੇ ਤਾਂ ਮੌਤ ਹੋਜਾਂਦੀਹੈ ਭਾਵੇਂ ਇਨਾਂ ਦਾ ਇਸ ਤਰਾਂ ਸਰੀਰ ਵਿਚੋਂ ਨਿਕਲਨਾਂ ਪ੍ਰਸਿੱਧ ਹੀ ਹੈ, ਪਰ ਤਾਂ ਭੀ ਉਸ ਵੇਲੇ ਨਿਕਲਨ ਲਗਨਾਂ, ਜਾਂ ਹੇਠ ਦਾ ਸਾਹ ਹੇਠ, ਤੇ ਉਪਰਲਾ ਉਪਰ,ਰੁਕ ਜਾਂਦਾ ਹੈ

ਤਦ ਭੀ ਆਪਨਾ ਕੰਮ ਇਹ ਬਰਾਬਰ ਹੀ ਚਲਾਈ ਰਖਦੇ ਹਨ ਕਯੋਂਕਿ ਜੇ ਇਨਾਂ ਦੀ ਅੰਦਰਲੀ ਕਾਰਰਵਾਈ ਚੱਲਦੀ ਨਾ ਰਹੇ ਤਾਂ ਤਤਕਾਲ ਹੀ ਮਿਰਤੂ ਹੋ ਜਾਨੀ ਚਾਹੀਏ ਪਰ ਐਸਾ ਨਹੀਂ ਹੁੰਦਾ। ਬਲਕੇ ਜੇ ਵਿਚਾਰਕੇ ਦੇਖੀਏ ਤੇ ਲੋਕਾਂ ਦੇ ਖਿਆਲ ਅਰ ਸ਼ਾਸਤਰਾਂ ਦੇ ਅਭਿਪ੍ਰਾਯ ਵੱਲ ਧਿਆਨ ਕਰੀਏ ਤਾਂ ਅਕਸਰ ਕਰਕੇ ਏਹ ਬਾਤ ਸਭੇ ਹੀ ਮੰਨਦੇ ਹਨ ਕਿ ਜਦ ਜੀਵਦੇ ਪ੍ਰਾਣ ਸਰੀਰ ਵਿਚੋਂ ਨਿਕਲ ਭੀ ਜਾਂਦੇ ਹਨ ਤਾਂ ਮੋਹ ਮਾਇਆ ਦਾ ਪ੍ਰੇਰਿਆ ਹੋਇਆ ਭੌਰਾ ਮਿਰਤਕ ਸਰੀਰ ਦੇ ਆਸੇ ਪਾਸੇ ਕਿਤਨਾ ਚਿਰ ਤਕ ਭੌਂਦਾ ਰਹਿੰਦਾ ਹੈ। ਕਈਆਂ ਜਨਿਆਂ ਨੂੰ ਕਈ ਵਾਰ ਚਿਖਾ ਸੜਦੀ ਹੋਈ ਦੇ ਇਰਦੇ ਗਿਰਦੇ ਐਸੀ ਸਾਖਿਆਤ ਪਰਤੀਤੀ ਹੋਈ ਭੀ ਹੈ ਕਿ ਜੀਵਰੂਪੀ ਭੌਰਾ (ਜਿਸਦਾ ਕਿ ਮਿਰਤਕ ਪ੍ਰਾਣੀ ਦੇ ਸਮਾਨ ਹੀ ਅਕਾਰ ਹੁੰਦਾ ਹੈ) ਉਡ ਰਿਹਾ ਹੈ। ਸੋ ਇਸ ਭਾਂਤ ਸਰੀਰ ਦ੍ਵਾਰੇ ਜੋ ਜੀਵ ਰੂਪੀ ਭੌਰੇ ਦਾ ਉਡਨਾ ਯਾ ਭਰਮਨਾ ਹੈ ਸੋ ਪ੍ਰਾਣਾਂ ਦੀ ਗਤੀ ਬਿਨਾਂ ਕਦੀ ਭੀ ਨਹੀਂ ਹੋ ਸਕਦਾ ਕਯੋਂਕਿ ਇਹ ਕੰਮ ਕੇਵਲ ਪ੍ਰਾਣਾਂ ਦਾ ਹੀ ਹੈ ਕਿ ਅਚਲ ਵਸਤੂ ਨੂੰ ਚਲਾਇਮਾਨ ਕਰ ਦੇਣਾ।

ਪ੍ਰਾਣ ਕੇਵਲ ਏਸ ਪੌਣ ਦਾ ਨਾਮ ਹੀ ਨਹੀਂ ਹੈ ਜੋ ਕਿ ਸ੍ਵਾਸ ਪਰਸ੍ਵਾਸ ਰੂਪ ਹੋਇਆ ਪ੍ਰਾਣੀਆਂ ਦੇ ਅੰਦਰ (ਦਮ) ਔਂਦਾ ਜਾਂਦਾ ਰਹਿੰਦਾ ਹੈ ਬਲਕਿ ਉਹ ਇਕ ਐਸੀ ਸੂਖਮ ਤੇਜੋਮਈ ਸ਼ਕਤੀ ਹੈ ਜਿਸਦਾ ਇਹ ਸ੍ਵਾਸ ਪਰਸ੍ਵਾਸ ਰੂਪ ਇਕ ਮੋਟਾ ਸਰੂਪ ਹੈ ਅਰੁ ਉਸ ਅਸਲੀ ਪ੍ਰਾਨ ਵਿਚ ਇਸ ਤਰਾਂ ਸਾਰਾ ਸੰਸਾਰ ਪਰੁੱਚਿਆ ਹੋਇਆ ਕਾਰਰਵਾਈ ਕਰਦਾ ਹੈ ਜਿਸ

ਤਰਾਂ ਕਿ ਮਾਲਾ ਦੇ ਦਾਣੇ, ਧਾਗੇ ਵਿਚ ਪਰੁਚੇਹੋਏ ਹੇਠਉਪਰ ਵਗਦੇ ਰਹਿੰਦੇ ਹਨ। ਇਸੇ ਕਰਕੇ ਹੀ ਪ੍ਰਾਣ ਦਾ ਨਾਮ ਸੂਤ੍ਰ ਆਤਮਾਂ ਭੀ ਸੱਦਦੇ ਹਨ। ਸੋ ਐਸਾ ਸ਼ਕਤੀਮਾਨ ਇਹ ਪ੍ਰਾਣ ਹੈ ਜੋ ਕਿ ਸਦੀਵ ਕਾਲ ਸਾਵਧਾਨ ਰਹਿੰਦਾ ਹੈ।

ਏਥੇ ਇਹ ਗੱਲ ਭੀ ਨਾਲ ਹੀ ਸਮਝਾਏਣੀ ਜ਼ਰੂਰੀ ਹੈ ਕਿ ਇਸ ਭਾਂਤ ਸਾਵਧਾਨ ਰਹਿਨ ਵਾਲੇਇਹ ਪ੍ਰਾਣ, ਪੌਣ ਆਪ ਭੀ ਜੜ੍ਹ ਹੀ। ਦੂਜਿਆਂ ਨੂੰ ਕਿਰਿਆ ਵਿਖੇ ਪਰ-ਵਿਰਤ ਕਰਦੇਣ ਦਾ ਬਲ ਇਨਾਂ ਨੂੰ ਕਿਸੇ ਵਖਰੀ ਚੇਤੰਨਤਾ ਤੋਂ ਪ੍ਰਾਪਤ ਹੁੰਦਾਹੈ ਅਰਥਾਤ ਜੰਮਨ ਮਰਣ ਆਦਕੀ ਕਾਰ-ਰਵਾਈ ਦੇ ਨਿਰਬਾਹ ਦੀ ਸਮਰੱਥਾ ਇਨਾਂਨੂੰ ਚੈਤੰਨ ਸਰੂਪ ਪਰਮਾਤਮਾ ਤੋਂ ਪ੍ਰਾਪਤ ਹੁੰਦੀ ਹੈ ਜੋ ਕਿ ਸਭ ਜੀਵਾਂ ਦੇ ਅੰਦਰ ਹਿਰਦੇ ਰੂਪ ਸਿੰਘਾਸਨ ਉਪਰ ਬੈਠਕੇ ਆਪਨੇ ਸੰਸਾਰੀ ਕਾਰਵਿਹਾਰ ਦੇ ਚਲਾਵਨ ਲਈ ਸਦੀਵ ਕਾਲ ਏਨਾਂ ਪ੍ਰਾਣਾਂ ਦੀ ਪੜਤਾਲ ਕਰਦਾ ਰਹਿੰਦਾ ਹੈ। ਜਿਸਦਾ ਅਨੁਮਾਨ ਹਰ ਇਕ ਆਦਮੀ ਜੇ ਥੋੜਾ ਧਿਆਨ ਅੰਦਰ ਕਰੇ ਤਾਂ ਚੰਗੀਤਰਾਂ ਨਾਲ ਕਰ ਸਕਦਾ ਹੈ. ਭਾਵ ਇਹਕਿ ਜੇ ਆਦਮੀ ਉਸ ਚੇਤੰਨਤਾ ਦੇ ਭੰਡਾਰ ਸਰੂਪ ਅੰਤਰਯਾਮੀ ਦਾ ਪਤਾ ਲੈਣਾ ਚਾਹੇ ਤਾਂ ਕੇਵਲ ਏਨਾਂ ਸ੍ਵਾਸਾਂ ਦੀ ਚਾਲ ਮਾਤ੍ਰ ਦੀ ਪੜਤਾਲ ਕਰਨ ਕਰਕੇਹੀ ਲੈਸਕਦਾ ਹੈ ਕਯੋਂਕਿ ਉਹੀ ਸਭਦਾ ਆਪਨਾ ਆਪ ਰੂਪ ਹੋਯਾ ਅੰਦਰ ਐਸਾ ਮਲੂਮ ਕਰਦਾ ਹੈ ਕਿ ਹੁਣ ਸ੍ਵਾਸ ਅੰਦਰੋਂ ਉਪਰ ਨੂੰ ਉਠਕੇ ਬਾਹਰ ਚੱਲਿਆ ਹੈ ਅਰ ਹੁਣ ਬਾਹਰੋਂ ਸ੍ਵਾਸ ਅੰਦਰ ਆਕੇ ਆਪਨੇ ਟਿਕਾਣੇ ਸਿਰ ਪਹੁੰਚਾ ਹੈ ਇਸ ਭਾਂਤ ਬਾਰੰਬਾਰ ਸ੍ਵਾਸਾਂ ਦੇ ਅੰਦਰ ਬਾਹਰ ਵਰਤਨ ਵਿਖੇ ਉਸਦਾ ਅਨੁਭਉ

ਹੀ ਕੰਮ ਕਰਦਾ ਰਹਿੰਦਾ ਹੈ। ਜੇ ਇਸਦੀ ਬਦਲ ਇਹ ਕਹੀਏ ਕਿ ਜੋ ਅੰਦਰੋਂ ਆਪਨੀ ਸੱਤਾ ਸ਼ਕਤੀ ਨਾਲ ਪ੍ਰਾਣਾਂ ਨੂੰ ਬਾਹਰ ਭੇਜਦਾ ਅਤੇ ਬਾਹਰੋਂ ਅੰਦਰ ਖਿੱਚਦਾ ਹੈ ਅਰਜ ਬਾਹਰਲਾ ਪ੍ਰਾਣ ਬਾਹਰੋਂ ਅੰਦਰ ਅਜੇ ਨਾ ਆਇਆ ਹੋਵੇ ਤੇ ਅੰਦਰਲਾ ਅੰਦਰੋਂ ਬਾਹਰ ਨਾ ਨਿਕਲ ਚੁਕਾ ਹੋਵੇ ਅਥਵਾ ਬਾਹਰੋਂ ਅੰਦਰ ਤਾਂ ਆ ਚੁਕਾ ਹੈ ਪਰ ਅਜੇ ਅੰਦਰੋਂ ਬਾਹਰ ਨਾ ਨਿਕਲਿਆ ਹੋਵੇ ਐਸੀ ਪ੍ਰਾਣਾਂ ਦੀ ਗਤੀ ਦੇ ਹੋਨ ਅਥਵਾ ਨਾ ਹੋਣ ਦੇ ਜਾਨਣ ਵਾਲੀ ਅਨਭਉ ਸ਼ਕਤੀ ਹੀ ਅੰਤਰਜਾਮੀ ਚੇਤਨ ਸਰੂਪ ਹੈ ਜੋ ਕਿ ਸਭ ਦੇ ਅੰਦਰ ਆਪਨਾ ਆਪ ਰੂਪ ਹੋਕੇ ਸਦੀਵਕਾਲ ਇਕ ਸਮਾਨ ਇਸਥਿਤ ਰਹਿੰਦੀ ਹੈ ਇਸ ਅਬਿਨਾਸੀ ਆਤਮਾ ਨੂੰ ਹੀ ਸਾਖਿਆਤ ਕਰਨ ਵਾਸਤੇ ਇਸ ਸੰਸਾਰ ਵਿਚ ਮਨੁਖ ਦਾ ਔਣਾ ਹੈ। ਇਸੇ ਨੂੰ ਹੀ ਨਾ ਜਾਨ ਕੇ ਜੀਵ ਬਾਰੰਬਾਰ ਭਟਕਦਾ ਤੇ ਦੁਖੀ ਹੁੰਦਾ ਹੈ। ਜੈਸਾ ਕਿ ਗੁਰੂ ਜੀ ਕਹਿੰਦੇ ਹਨ "ਆਪੁ ਨ ਚੀਨੈ ਭ੍ਰਮਿ ਭ੍ਰਮਿ ਰੋਵੈ"। ਭਾਂਵੇ ਕਿਤਨੇ ਪਾਠ ਕਰੋ, ਭਾਂਵੇ ਕਿਤਨੇ ਹੀ ਰਾਗ ਤੇ ਸੁਰਾਂ ਅਲਾਪ੨ ਕੇ ਸ਼ਬਦ ਕੀਰਤਨ ਕਰੋ, ਪਰ ਬਿਨਾ ਇਸ ਆਪਾ ਭਾਵ ਦੇ ਪਛਾਨਣ ਦੇ ਤਿੰਨ ਕਾਲ ਸ਼ਾਂਤੀ ਨਹੀ ਆਵੇਗੀ। ਗੁਰੂ ਜੀ ਨੇ ਆਪ ਭੀ ਅਨੰਤ ਜਾਗਾਂ ਤੇ ਇਸ ਸਿਧਾਂਤ ਦੀ ਮੋਹਰ ਲਾਈ ਹੈ ("ਗਾਵਹਿ ਗੀਤ ਨ ਚੀਨਹਿ ਆਪੁ।ਕਿਉ ਲਾਗੀ ਨਿਵਰੈ ਪਰਤਾਪੁ") ਕਿ ਬਿਨਾਂ ਆਪਨੂੰ ਪਛਾਨਣ ਦੇ ਅੱਗ ਨਹੀਂ ਹੀ ਕਦੀ ਬੁਝਨੀ। ਸੋ ਅੱਗ ਤਾਂ ਲਗੀ ਹੋਈ ਹੋਵੇ ਅੰਦਰ, ਪਰ ਲੋਕ ਬੁਝੌਂਦੇ ਹਨ ਬਾਹਰੋਂ, ਉਹ ਕਿਸਤਰਾਂ ਬੁਝੇ। "ਮੁਖਹੁ ਹਰਿ ਹਰਿ ਸਭ ਕੋ ਕਹੈ ਵਿਰਲੈ ਹਿਰਦੈ ਵਸਾਇਆ। ਨਾਨਕ ਜਿਨਕੈ ਹਿਰਦੈ ਵਸਿਆ ਮੋਖ ਮੁਕਤਿ

ਤਿਨ ਪਾਇਆ" ॥

ਕੋਈ ਹਿਰਦੇ ਵਿਚ ਬਾਹਰੋਂ ਲਿਆਕੇ ਨਹੀਂ ਵਸੌਨਾ, ਕੇਵਲ ਗੁਰੁ ਸਾਹਿਬ ਦੀ ਗੁਰ ਦੀਖਿਆ ਦੀ ਪੌੜੀ ਸਮਝ ਲੈਨੀ ਹੇ ਜੋ ਕਿ "ਨਾਨਕ ਕਉ ਗੁਰਦੀਖਿਆ ਦੀਨ। ਪ੍ਰਭ ਅਬਿਨਾਸੀ ਘਟਿ ੨ ਚੀਨ" ਹੇ।

ਹੁਣ ਸੋਚਨ ਦੀ ਗੱਲ ਹੈ ਕਿ ਅੰਤਰਯਾਮੀ ਤਾਂ ਆਪ-ਨੇ ਅੰਦਰ ਹੀ ਬਿਰਾਜਵਾਨ ਹੇ ਅਤੇ ਸੁਾਸਾਂ ਦੀ ਗਤੀ ਦੇ ਆਓ ਜਾਣੀ ਦੇ ਮੱਧ ਅਸਥਾਨ ਪਰ ਇਸਥਿਤ ਹੋਇਆ ੨ ਉਹ ਸਾਰੀ ਸਰੀਰ ਦੀ ਕਾਰਰਵਾਈ ਦਾ ਨਿਰਬਾਹ ਕਰਦਾ ਰਹਿੰਦਾ ਹੇ ਭਲਾ ਉਸਦੇ ਅਰਾਧਨ ਵਿਖੇ ਕੀ ਜਤਨ ਹੋ ਸਕਦਾ ਹੇ। ਅਤੇ ਉਹ ਹਡ ਚੰਮ ਨਾੜੀਆਂ 'ਦੀ ਇਸ ਅਪ-ਵਿੱਤ੍ਰ ਪੰਡ ਰੂਪ ਦੇਹ ਤੋਂ ਪਰੇ ਵਰਤਨ ਵਾਲੇ ਜੋ ਮਨ ਤੇ ਬੁਧ ਆਦਕ ਹਨ ਉਨਾਂ ਤੋਂ ਭੀ ਪਰੇ ਪਰਮ ਸੁਖਮ ਸਰੂਪ ਹੋਇਆ ਇਸ ਸਰੀਰ ਦੇ ਸੁਖ ਦੁਖ ਤੇ ਮਨ ਦੇ ਹਰਖ ਸੋਕ ਆਦਕ ਤਰੰਗਾਂ ਅਰ ਬੁੱਧੀ ਦੇ ਨਿਸਚੇ ਰੂਪ ਹਾਲਤ ਦੇ ਅਨਭਉ ਕਰਨ ਵਾਲਾ ਸਭ ਦੇ ਅੰਦਰ ਤੋਂ ਅੰਦਰ (ਜਦ। ਇਸਥਿਤ ਹੇ ਤਦ ਭਲਾ ਰਸਨਾਦੇ ਅਰਾਧਨ ਦੀ ਉਸ ਤਕ ਕੀਹ ਗੰਮ। ਤਾਂਤੇ "ਸਾਸ ਸਾਸ ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ" ਹੇ ਜੀਊੜ। (ਹੇ ਜਿੰਦੜੀ)! ਤਨ ਮਨ ਵਿਖੇ ਵਸਨੇ ਹਾਰਾ ਜੋ ਇਨਾਂ ਦਾ ਸੁਆਮੀ ਪ੍ਰੇਰਕ ਅੰਤ-ਰਯਾਮੀ ਚੇਤੰਨ ਆਤਮਾ ਹੈ ਉਸਨੂੰ ਸੁਾਸ ੨ ਨਾਲ ਭਜਨ ਕਰ, ਇਹ ਹੀ ਕੇਵਲ ਮੁਖ ਜੁਗਤੀ ਉਸਦੇ ਧਿਆਵਨ ਦੀ ਹੇ।

ਇਸ ਵਿਚ ਇਹ ਪਰਤੱਖ ਗੁਨ ਹਨ ਕਿ ਇਕ ਤਾਂ

ਸੁਆਸਾਂ ਦੀ ਗਤੀ ਸਾਖਸ਼ਾਤ ਉਸ ਭਗਵੰਤ ਦੇ ਦਰਬਾਰ ਤਕ ਪਹੁੰਚਦੀ ਹੈ ਇਸ ਵਾਸਤੇ ਮਨ ਸਾਂਘਰ ਹੀ ਇਸ ਤਰਾਂ ਉਸ ਦਰਬਾਰ ਤਕ ਪਹੁੰਚ ਸਕਦਾ ਹੈ। ਤੇ ਦੂਜੇ "ਸਾਸ ੨ ਹਰਿ ਨਾਮੁ ਜਪ ਬਿਰਥਾ ਸਾਸ ਨ ਖੋਅ" ਇਸ ਸਤਿ ਗੁਰਾਂ ਦੀ ਆਗਯਾ ਦੇ ਪਾਲਨ ਹੋਜਾਨ ਵਿਖੇ ਮਹਾਨ ਪੁੰਨਾਂ ਦੀ ਪ੍ਰਾਪਤੀ, ਤੇ ਸਤਿਗੁਰਾਂ ਦੀ ਦਯਾ ਦਾ ਲਾਭ ਹੋ ਜਾਂਦਾ ਹੈ ਜਿਸ ਕਰਕੇ ਅਭਿਆਸੀ ਨੂੰ ਕੋਈ ਵਿਘਨ ਨਹੀਂ ਬਿਆਪ ਸਕਦਾ। ਅਰ ਤੀਜੇ "ਸਿਮਰਤ ਨਾਮੁ ਪ੍ਰਾਨ ਗਤਿ ਪਾਵੈ" ਅਰਥਾਤ ਪ੍ਰਾਣਾਂ ਦੀ ਗਤੀ ਦੁਆਰੇ ਨਾਮ ਨੂੰ ਸਿਮਰਣ ਕਰਦਾ ਹੋਇਆ ਪੁਰਖ ਗਤੀ (ਮੁਕਤੀ) ਨੂੰ ਪ੍ਰਾਪਤ ਹੋਜਾਂਦਾ ਹੈ (ਗਤੀ ਸ਼ਬਦ ਦਾ ਦੇਹਲੀਜ ਤੇ ਧਰੇ ਦੀਵੇ ਦੇ ਅੰਦਰ ਬਾਹਰ ਚਾਨਣ ਕਰਨ ਵਤ 'ਪ੍ਰਾਨ' ਤੇ 'ਪਾਵੈ' ਦੋਹਾਂ ਸ਼ਬਦਾਂ ਨਾਲ ਸੰਬੰਧ ਹੈ ਜੈਸਾ ਕਿ ਪ੍ਰਾਨ ਗਤਿ- ਗਤਿ ਪਾਵੈ। ਅਰਥ ਵਿਖੇ ਐਸੇ ਕੈਮ ਦੇਊ) ਤਾਂਤੇ ਸੁਆਸ ੨ ਸਿਮਰਣ ਦੇ ਪ੍ਰਭਾਵ ਕਰਕੇ ਸੀਘਰਹੀ ਅਕਾਲ ਪੁਰਖ ਦੇ ਦਰਬਾਰ ਵਿਖੇ ਅਪਨਾਇਆ ਜਾਂਦਾ ਹੈ ਕਯੋਂਕਿ "ਨਾਨਕ ਸੋ ਸੇਵਕ ਸਾਸ ੨ ਸਮਾਰੇ"। ਜੋ ਕੋਈ ਉਸ ਭਗਵੰਤ ਨੂੰ ਸੁਆਸ ੨ ਦੁਆਰੇ ਸਿਮਰਣ ਕਰਦਾ ਹੈ ਉਹੀ ਸੇਵਕ ਹੁੰਦਾ ਹੈ ਅਰਥਾਤ ਭਗਵੰਤ ਦੀ ਸੱਚੀ ਸੇਵਾ (ਸਾਸ ੨ ਸਿਮਰਣ ਦੇ ਪ੍ਰਭਾਵ) ਕਰਕੇ ਉਹ ਉਸ ਦਰਗਾਹ ਵਿਖੇ ਸੇਵਕਾਂ ਦੀ ਪੰਗਤੀ ਵਿੱਚ ਗਿਣਿਆਂ ਜਾਂਦਾ ਹੈ। ਜਿਸਦਾ ਫਲ ਇਹ ਹੁੰਦਾਹੈ ਕਿ "ਠਾਕੁਰ ਸੇਵਕ ਕਾ ਹੀ ਆਹਰ ਜੀਉ" ਉਲਟਕੇ ਠਾਕੁਰ ਨੂੰ ਸੇਵਕ ਦੇ ਭਜਨਦੀ ਧੁਨ ਲਗ ਜਾਂਦੀ ਹੈ। ਐਡਾ ਪਿਆਰਾ ਉਹ ਹੋਜਾਂਦਾ ਹੈ। ਜੈਸਾ ਕਿ "ਪਾਛੈ ਲਾਗਾ ਹਰਿ ਫਿਰੇ ਕਹਤ ਕਬੀਰ ਕਬੀਰ" ਇਸ

ਵਾਕ ਤੋਂ ਸਾਫ਼ ਪ੍ਰਗਟ ਹੁੰਦਾ ਹੈ।

ਇਸ ਗੱਲ ਨੂੰ ਲੋਕਾਂ ਦੇ ਵਤੀਰੇ ਦੀ ਘਸਵੱਟੀ ਤੇ ਧਰਕੇ ਭੀ ਜੇ ਦੇਖੀਏ ਤਾਂ ਨਿਤਾ ਪ੍ਰਤੀ ਸੰਧਯਾ ਵੇਲੇ ਅਰਦਾਸ ਵਿੱਚ ਸਭ ਜਨੇ ਏਹੋ ਹੀ ਮੰਗਿਆ ਕਰਦੇ ਹਨ ਕਿ ਹੇ ਅਕਾਲ ਪੁਰਖ! ਸ੍ਵਾਸ ਸ੍ਵਾਸ ਤੇਰਾ ਨਾਮ ਚਿੱਤ ਆਵੇ। ਪਰ ਬੜਾ ਅਚਰਜ ਹੈ ਕਿ ਮੰਗਦੇ ਕੁਛ ਤੇ ਕਮੌਂਦੇ ਕੁਛ ਹਨ। ਇਹ ਇਕ ਭਾਂਤ ਦਾ ਅਕਾਲ ਪੁਰਖ ਨਾਲ ਮਖੌਲ ਹੀ ਸਮਝਣਾ ਚਾਹੀਏ ਕਿ ਫਰਿਆਦ ਤਾਂ ਉਸ ਮਹਾਰਾਜ ਅਗੇ ਕਰਨੀ ਪਰ ਅਮਲ ਨਾਂ ਕਰਨਾ। ਉਹ ਅੰਤਰ ਯਾਮੀ ਜਦਪਿ ਸਰਬ ਭਾਂਤ ਕਰਕੇ ਸਭਦੀਆਂ ਬੁਧੀਆਂ ਨੂੰ ਹੀ ਪ੍ਰੇਰਕੇ ਸੁਮਾਰਗ ਵਿਖੇ ਲਗਾ ਤਾਂ ਸਕਦਾ ਹੈ ਪਰ "ਚੀਟੀ ਕੀ ਪੁਕਾਰ ਪਹਿਲੇ ਸੁਨੀਅਤ ਹਾਥੀ ਕੀ ਚਿਘਾੜ ਪਾਛੈ ਸੁਨੀਅਤੁ ਹੈ" ਉਸਦੇ ਦਰਬਾਰ ਵਿਚ ਰਸਨਾ ਨਾਲ ਟਾਹਰਾਂ ਮਾਰੀਆਂ ਹੋਈਆਂ ਚਿਰ ਕਾਲ ਪਿਛੇ ਪਹੁੰਚਦੀਆਂ ਹਨ ਅਤੇ ਸੁਰਤ ਦੀਆਂ ਧੁਨਾਂ ਤਤਕਾਲ ਸੁਨੀਆਂ ਜਾਂਦੀਆਂ ਹਨ, ਫਰਿਆਦਾਂ ਕੈਸੇ ਪਰਵਾਨ ਹੋਨ। ਕੈਸੇ ਹਨ ਮੂਰਖ ਲੋਕ ਜੋ ਨਿਤਾ ਪ੍ਰਤੀ ਇਸ ਬਾਤ ਨੂੰ ਅਨਭਉ ਕਰਦੇ ਭੀ ਹਨ ਕਿ ਅਸਾਡੀਆਂ ਅਰਦਾਸਾਂ ਵਾਲ ਭੀ ਨਹੀ (ਇਸਤਰਾਂ) ਖੋਹ ਰਹੀਆਂ ਪਰ ਸਮਝਦੇ ਨਹੀਂ ਹਨ ਕਿ ਅਸਲੀ ਭੇਦ ਇਸ ਵਿਚ ਕੀਹ ਹੈ।

ਕਈ ਪਾਠਕ ਇਸ ਅਸਾਡੇ ਲੇਖ ਦਾ ਮਰਮ ਨਾਂ ਸਮਝ ਕੇ ਏਸ ਕਥਨ ਨੂੰ ਕਿੰਤੂ ਦਾ ਸ਼ਿਕਾਰ ਨਾ ਬਨਾਵਨ। ਕਯੋਂਕਿ ਗੁਰ ਦ੍ਵਾਰਿਆਂ ਜਾਂ ਜਥਿਆਂ ਆਦ ਦੇ ਦੀਵਾਨਾਂ ਦੀ ਕਾਰਰਵਾਈ ਨਾਲ ਏਸ ਗੱਲ ਦਾ ਕੁਛ ਸੰਬੰਧ ਨਹੀਂ। ਕਯੋਂਸੁ ਗੁਰ ਦ੍ਵਾਰਿਆਂ ਜਾਂ ਜਥਿੱਆਂ ਵਿਚਦੀ ਉਚੇਰੀ ਅਰਦਾਸ ਬਲਵਾਨ

ਹੁੰਦੀ ਹੈ, ਕਾਰਣ ਕੀਹ ? ਕਿ ਜਮਾਤ ਵਿਚ ਕਰਾਮਾਤ ਹੁੰਦੀ ਹੈ ਤੇ ਪੰਜਾਂ ਵਿਚ ਪਰਮੇਸਰ । ਅਰੁ ਪੰਜਾਂ ਪਿਆਰਿਆਂ ਵਿਚ ਸ੍ਰੀ ਸਤਿਗੁਰੂ ਆਪ ਪ੍ਰਗਟ ਹੁੰਦੇ ਹਨ। ਏਨਾਂ ਨੇਮਾਂ ਮੂਜਬ ਗੁਰ ਦੁਆਰਿਆਂ ਤੇ ਜੱਥਿਆਂ ਦੀਵਾਨਾ ਵਿਚ ਦੀ ਅਰਦਾਸ ਸਾਖਸ਼ਾਤ ਭਗਵੰਤ ਸਤਿਗੁਰਾਂ ਦੇ ਦਰਬਾਰ ਵਿਚ ਪਰਵਾਨ ਹੁੰਦੀ ਹੈ। ਪਰ ਜੱਥਿਓਂ ਬਾਹਰੇ ਯਾ ਦਰਬਾਰੀ ਹਾਜਰੀ ਤੋਂ ਵੱਖਰੇ ਸਮਯ ਪਰ ਬਹੁਤ ਕਰਕੇ ਸੈਂਸਾਰੀ ਕਾਰਰਵਾਈਆਂ ਦੇ ਕਾਰਨ ਚਿੱਤ ਰਜੋ ਤਮੋ ਗੁਣ ਦਾ ਦੱਬਿਆ ਹੋਣ ਕਰਕੇ (ਬਾਣੀ ਮਾਤ੍ਰ ਦੁਆਰਾ) ਹਰ ਕੋਈ ਸਾਵਧਾਨੀ ਤੇ ਸੱਚੇ ਮਨ ਨਾਲ ਸਤਿਗੁਰ ਅਕਾਲ ਪੁਰਖ ਦੇ ਹਜੂਰ ਅਰਦਾਸ ਨਹੀਂ ਕਰ ਸਕਦਾ। ਕਿਉਂਕਿ ਬਾਣੀ ਤਾਂ ਇਕ ਰਸਤਾ ਹੈ ਜਿਸ (ਇਕ ਮਾਤ੍ਰ) ਦੇ ਅਰਦਾਸ ਵਿਚ ਜੋੜਿਆਂ, ਮਨ ਦੂਜਿਆਂ ਰਸਤਿਆਂ ਬਾਣੀ-ਹਜੂਰੀ ਵਿਚੋਂ ਬਾਹਰ ਨਿਕਲ ਜਾਂਦਾ ਹੈ। ਸੋ ਐਸੇ ਸਮੇਂ ਸਿਰ ਮਨ ਨੂੰ ਹੀ ਜੇ ਇਸ ਕੰਮ ਵਿਚ ਜੋੜੀਏ ਤਾਂ ਬਹੁਤ ਕਰਕੇ ਉਧਰ ਰੁਝ ਸਕਦਾ ਹੈ-ਨਹੀਂ ਤਾਂ ਨਹੀਂ। ਤੇ ਚਿੱਤੋਂ ਮੰਗੀ ਮੁਰਾਦ ਭੀ ਕਰਤਾਰ ਦੀ ਦਰਗਾਹੋਂ ਹਥ ਲੱਗਔਂਦੀ ਹੈ, ਇਹ ਸਭ ਜਨੇ ਮੰਨਦੇ ਹੀ ਹਨ॥ ਜੱਥਿਆਂ ਤੇ ਸਤਿਸੰਗ ਦੇ ਦਰਬਾਰਾਂ ਵਿਚ ਇਸਤੋਂ ਇਹ ਭੀ ਸ੍ਰੇਸ਼ਟਤਾਈ ਹੁੰਦੀ ਹੈ ਕਿ ਅਰਦਾਸ ਦੀ ਕੜਕਵੀਂ ਧੁਨੀ ਨਾਲ, ਇਕਤਾਂ ਚਿੱਤ ਉਪਰ ਕੁਦਰਤੀ ਅਸਰ ਆਪਹੀ ਪੈਜਾਂਦਾ ਹੈ ਤੇ ਦੂਜੇ ਇਕ ਦੂਜੇ ਦੇ ਡਰ ਅਤੇ ਲੱਜਾ ਦੇ ਕਾਰਣ ਸੱਭੇ ਇੰਦਰੇ ਅਚੱਲ ਹੋਕੇ (ਮਨ ਭੀ) ਆਪੇ ਹੀ ਅਚਲ ਹੋ ਜਾਂਦਾ ਹੈ। ਤੀਜੇ ਇਹ ਕਿ ਪਿਆਰੇ ਗੁਰੂ ਸਿੱਖਾਂ(ਭਾਈਆਂ) ਦੀ ਭੌਣੀ ਪੂਰੀ ਹੋਣ ਵਿਚ ਇਕ ਦੂਜੇ ਦੀ ਉਸ ਸਮੇਂ ਦੀ ਉਮੰਗ ਸਹਾ-

ਜਕ ਹੋਕੇ ਸਭ ਵਲੋਂ ਹੀ ਇਕ ਮਈ ਅਰਦਾਸ ਦਰਗਾਹ ਵਿਚ ਪ੍ਰਵਾਣ ਹੋਣ ਕਰਕੇ ਮਨੋਰਥ ਸਿੱਧੀ ਦਾ ਕਾਰਨ ਹੋ ਜਾਇਆ ਕਰਦੀ ਹੈ ॥

ਨਿਰਸੰਦੇਹ ਕਿਤੇ ੨ ਗੁਰਮਤ ਵਿਚ ਰਸਨਾ ਨਾਲ ਭਜਨ ਕਰਨਾ ਭੀ ਪ੍ਰਵਾਣ ਕੀਤਾ ਹੈ ਪਰ ਐਸੇ ਸਬਦ ਜਿਨਾਂ ਵਿਚ ਇਸ ਭਾਂਤ ਦੀ ਆਗਯਾ ਹੈ ਜੇ ਖੋਜ ਕਰਕੇ ਦੇਖੇ ਜਾਨ ਤਾਂ ਉਨਾਂ ਦਾ ਅਭਿਪ੍ਰਾਯ ਸਾਫ ਪਰਗਟ ਹੋ ਔਂਦਾ ਹੈ ਕਿ ਸੰਸਾਰ ਵਿਚ ਮਹਾਂ ਲੰਪਟ ਜੋ ਭਾਰੇ ਦੂੜ ਮਤੀਏ ਹਨ ਜਿਨਾਂ ਨੂੰ ਕਿਸੇ ਭਾਂਤ ਪਤਾ ਹੀ ਨਹੀਂ ਲਗ ਸਕਦਾ ਕਿ ਸ੍ਵਾਸ ਭੀ ਕੁਛ ਚੀਜ ਹਨ ।ਏਨਾਂ ਮੋਟੀ ਬੁਧੀਵਾਲਿਆਂ ਲਈ ਕਰੜੇ ਬਚਨਾਂ ਵਿਚ ਰਸਨਾ ਦੇ ਭਜਨ ਨੂੰ ਉਪਦੇਸ ਕੀਤਾ ਹੈ ਜੈਸਾ ਕਿ "ਰਸਨਾ ਜਪੈ ਨਾ ਨਾਮ ਤਿਲੋ ਤਿਲ ਕਟੀਐ" ਭਲਾ ਪਿਆਰੇ ਬਚਿਆਂ ਨੂੰ ਕੌਨ ਐਸੇਕਰੜੇ ਬਚਨ ਕਹਿੰਦਾ ਹੈ। ਮੂਰਖ ਨੌਕਰ ਜੋ ਆਗਯਾ ਤੋਂ ਬਾਹਰ ਵਰਤਨ ਵਾਲੇ ਹੁੰਦੇ ਹਨ ਐਸੇ ਡੰਡੇ ਉਨਾਂ ਲਈ ਹਨ ਕਿ ਚਲੋ ਸੂਖਮ ਮਾਰਗ ਵਿਚ ਨਹੀਂ ਚਲ ਸਕਦੇ ਤਾਂ ਸਥੂਲ ਵਿਚ ਹੀ ਸਹੀ ਸਮਾਂ ਪਾਕੇ ਆਪਹੀ ਕਦੀ ਸੱਚੇ ਰਾਹ ਵੱਲ ਭੀ ਉਲਟਕੇ ਆ ਜਾਨਗੇ ਭਾਂਤਿ ਅਸਲੀ ਸੱਚਾ ਮਾਰਗ ਭਜਨ ਦਾ ਸਾਸ ੨ ਸਿਮਰਣ ਹੀ ਹੈ। ਸਾਸ ੨ ਸਿਮਰਣ ਵਿਚ ਨਾਂ ਹਿੰਙ ਲਗਦੀ ਹੈ ਤੇ ਨਾ ਫਟਕੜੀ ਅਤੇ ਸ੍ਵਾਸਾਂ ਦੇ ਭਜਨ ਵਿਚ ਹੀ ਜੁੜਿਆ ਰਹਿਨ ਕਰਕੇ ਕੋਈ ਕਾਰਜ ਬੀ ਨਹੀਂ ਵਿਗੜ ਦਾ। ਸਾਰੀ ਕਾਰਰਵਾਈ ਭੀ ਭੁਗਤਦੀ ਰਹਿੰਦੀ ਹੈ ਤੇ ਭਜਨ ਦੀ ਕਮਾਈ ਵਿਚ ਵਿਘਨ ਭੀ ਨਹੀ ਪੈਂਦਾ ਸੋ ਇਸ ਤਰਾਂ "ਲੋਕ ਸੁਖੀ ਪਰਲੋਕ ਸੁਹੇਲੇ" ਦੋਵੇਂ ਕੰਮਹੀ ਨਿਰ-

ਵਿਘਨ ਭੁਗਤ ਜਾਂਦੇ ਹਨ।

ਕਈਆਂ ਮੂਰਖਾਂ ਨੂੰ ਇਹ ਖੋਟੀ ਬਾਨ ਪਈ ਹੁੰਦੀ ਹੈ ਕਿ ਭਾਂਵੇ ਕੋਈ ਸਚਾਈ ਸਿਰ ਭੀ ਬੋਲ ਰਿਹਾ ਹੋਵੇ ਪਰ ਜਿਸ ਕਿਸ ਤਰਾਂ ਹੋਵੇ ਉਸਦੀ ਗਲ ਨੂੰ ਖੰਡਨ ਹੀ ਕਰਨ ਪੈਨਾ। ਸੋ ਐਸੇ ਬਿਰਥਾ ਹੀ ਆਯੂ ਗੁਵਾਵਨ ਵਾਲਿਆਂ ਵਿਚੋਂ ਕਈ ਜਨੇ ਇਸ ਉਪਰ ਹੀ ਹਠ ਧਾਰੀ ਜਾਂਦੇ ਹਨ ਕਿ ਨਹੀਂ ਅਠੇ ਪਹਿਰ ਰਸਨਾ ਨਾਲ ਹੀ ਭਜਨ ਕਰਨਾ ਚਾਹੀਏ। ਇਸ ਨਾਲ ਭੀ ਸੁਰਤ ਟਿਕ ਜਾਂਦੀ ਹੈ ਸੁਾਸਾਂ ਨਾਲ ਕੌਨ ਸਿਰ ਪਾੜੇ, ਸੋ ਅਸੇ ੨ ਝੂਹਰ ਡਾਹਨ ਵਾਲਿਆਂ ਲਈ ਸਭ ਤੋਂ ਪਹਿਲੇ ਇਹ ਚਾਹੀਦਾ ਹੈ ਕਿ ਆਪਨੀ ਸਾਰੀ ਕਾਰਰਵਾਈ ਨੂੰ ਤਿਲਾਂਜਲੀ ਦੇਕੇ ਭਜਨ ਦਾ ਨਾਮ ਲੈਣ। ਜਿਸਦੇ ਤਿਆਗੇ ਬਿਨਾਂ ਕਦਾਚਿਤ ਭਜਨ ਇਸ ਭਾਂਤ ਕੋਈ ਨਿਰਬਾਹ ਹੀ ਨਹੀ ਸਕਦਾ। ਅਤੇ ਜੇ ਕੋਈ ਹਠ ਦਾ ਮਾਰਿਆ ਤਰਕ ਨਾਲ ਤਿਆਗ ਕਰਕੇ ਐਸਾ ਕਰਨ ਦੀ ਗੱਪ ਮਾਰੇ ਤਾਂ ਉਸ ਹਠੀ ਨੂੰ ਸੋਚਨਾ ਚਾਹੀਏ ਕਿ ਪਹਿਲੇ ਤਾਂ ਆਦਮੀ ਨਚੱਲਾ ਬੈਠ ਹੀ ਨਹੀਂ ਸਕਦਾ, ਕੁਛ ਨਾ ਕੁਛ ਕਾਰਰਵਾਈ ਕਰਨ ਦੀ ਇਸ ਨੂੰ ਧੁਰਦੀ ਬਾਨ ਪਈ ਹੋਈਹੈ। ਤੇ ਖਾਨ ਪਾਨ ਆਦ ਕਿਰਿਆ ਬਿਨਾਂ ਜੀਉਣਾ ਭੀ ਅਸੰਭਵ ਹੈ ਜਿਸਦੀ ਖਾਤਰ ਜਿੰਦਗੀ ਬਚਾਵਨ ਲਈ ਉਚਿਤ ਸਮਿਗ੍ਰੀ ਵਾਸਤੇ ਕੁਝ ਨਾ ਕੁਝ ਕਾਰਰਵਾਈ ਸਭ ਜੀਵ ਜੰਤੂਆਂ ਨੂੰ ਹੀ ਕਰਨੀ ਪੈਂਦੀ ਹੈ। ਸੋ ਜਿਹੜੇ ਪਾਸੇ ਇੰਦ੍ਰੀਆਂ ਦੀ ਪਰਵਿਰਤੀ ਹੋਵੇ ਉਧਰ ਹੀ ਮਨ ਭੀ ਖਿਚਤਾ ਜਾਂਦਾ ਹੈ। ਤੇ ਜਿਥੇ ਨੌ ਇੰਦ੍ਰੀਆਂ ਤਾਂ ਆਪਨੀ ਕਾਰਰਵਾਈ ਲਈ ਮਨ ਨੂੰ ਆਪਨੀ ਵਲ ਖਿੱਚ

ਦੀਆਂ ਹੋਨ ਭਲਾ ਹਠੀ ਭਜਨੀਕ ਦੀ ਇਕ ਰਸਨਾਦੇ ਬਲ ਦੀ ਮਨ ਅਗੇ ਕੀਹ ਪੇਸ਼ ਚਲ ਸਕਦੀ ਹੈ, ਜੋ ਕਿ ਹੈ ਹੀ ਅਨਹੋਂਦ ਬਾਤ। ਬਲਕਿ ਜੇ ਵਿਚਾਰ ਕੇ ਦੇਖਣਾ ਜਾਵੇ ਤਾਂ ਜੋ ਭਜਨ ਰਸਨਾ ਨਾਲ ਕੀਤਾ ਜਾਂਦਾ ਹੈ ਉਸਨੂੰ ਭਜਨ ਕੋਟੀ ਵਿਚ ਗਿਨਨਾ ਹੀ ਮੂਰਖਤਾ ਹੈ ਕਯੋਂਕਿ ਉਹ ਤਾਂ ਇਕ ਪਰਕਾਰ ਦਾ ਬਾਣੀਦਾ ਪਾਠ ਹੈ। ਸੋ ਪਾਠ ਬਹੁਤ ਹੇਠਲੇ ਦਰਜੇ ਵਿਚ ਭਜਨ ਦਾ ਇਕ ਸਾਧਨ ਹੈ। ਇਸੇ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਐਸੇ ਗੁਰਆਂਦੀ ਮਾਂ ਨੂੰ ਸਿਰ ਮੁੰਨੀ ਬਨਾ ਦੇਨ ਦੀ ਆਗਯਾ ਕੀਤੀ ਹੈ ਜੋ ਕਿ ਆਪਨੇ ਸੇਵਕਾਂ ਨੂੰ ਪੁੰਨ ਪਾਠ ਵਿਚ ਲਾ ਦਿੰਦੇ ਹਨ ਅਤੇ ਉਨਾਂ ਦੇ ਭਰਮ ਨੂੰ ਦੂਰ ਨਹੀਂ ਕਰ ਸਕਦੇ। ਯਥਾ:—"ਮਾਇ ਮੂੰਡਉ ਤਿਸ ਗੁਰੂ ਕੀ ਜਾਂਤੇ ਭਰਮ ਨ ਜਾਇ। ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ"। ਤਾਂਤੇ ਐਸੇ ੨ ਵਿਚਾਰਾਂ ਨਾਲ਼ ਏਹੋ ਸਿਧ ਹੋਇਆ ਕਿ ਸੁਾਸਾਂ ਦੁਾਰੇ ਭਜਨ ਕਰਨਾ ਹੀ ਅਸਲ ਮਾਰਗ ਮੁਕਤੀ ਦਾ ਹੈ।

ਪਰ ਇਹ ਸਮਝਨਾ ਭੀ ਜਰੂਰੀ ਹੈ ਕਿ ਪ੍ਰਾਣ ਸਾਰੇ ਸਰੀਰ ਵਿਚ ਰੋਮ ੨ ਦੇ ਵਿਚ ਦੀ ਖਿੰਡਯਾ ਹੋਇਆ ਆਪ ਨਾ ਵਿਹਾਰ ਕਰਦਾ ਹੈ। ਤੇ ਏਸ ਖਿੰਡਨ ਕਰਕੇ ਹੀ ਮਨ ਭੀ ਖਿੰਡਿਆਂ ਰਹਿੰਦਾ ਹੈ। ਸੋ ਜਦ ਤਕ ਇਸਦੀ ਖਿੰਡਾਰ ਚਾਲ ਨੂੰ ਸਮੇਟਿਆ ਨਾ ਜਾਵੇ ਤਦ ਤਕ ਮਨ ਭੀ ਆਪਨੀ ਚੰਚਲਤਾਈ ਨੂੰ ਛਡਕੇ ਸਮੇਟਿਆ ਨਹੀਂ ਜਾ ਸਕਦਾ। ਕਯੋਂਕਿ ਮਨ ਠੀਕ ਓਸੇ ਭਾਂਤ ਕਾਰਰਵਾਈ ਕਰਦਾ ਹੈ ਜਿਸ ਤਰਾਂ ਕਿ ਸਰੀਰ ਵਿਚ ਪ੍ਰਾਣ ਚਲਦੇ ਹਨ ਅਤੇ ਮਨ ਵਸ ਆਏ ਬਿਨੀ ਸਾਂਤੀ ਅਰਥਾਤ ਅਸਲੀ ਰਸ

ਭਜਨ ਦਾ ਆ ਭੀ ਨਹੀਂ ਸਕਦਾ। ਤਾਂਤੇ ਸਰਬ ਦੁੱਖਾਂ ਦੀ ਨਿਵਿਰਤੀ ਦ੍ਵਾਰਾ ਪਰਮਾਨੰਦ ਰੂਪ ਸਚੇ ਰਸਦੀ ਪ੍ਰਾਪਤੀ ਲਈ ਪਹਿਲੇ ਪ੍ਰਾਣਾਂ ਦੀ ਚਾਲ ਸਿਧੀ ਕਰਨੀ ਜੋਗ ਹੈ।

ਅਰੁ ਇਨਾਂ ਪ੍ਰਾਣਾਂ ਦੀ ਅਸਲੀ ਜਾਗਾ (ਦੇਹ ਵਿਚ) ਨਾਭੀ ਤੋਂ ਲੈਕੇ ਦਸਵੇਂ ਦੁਆਰ ਤਕ ਹੈ (ਜਿਸਨੂੰ ਕਈਆਂ ਆਚਾਰਯ ਲੋਕਾਂ ਨੇ ਹਿਰਦੇ ਤੋਂ ਦਸਵੇਂ ਦੁਆਰ ਤਕ ਨਿਰੂਪਣ ਕੀਤਾ ਹੈ। ਸੋ ਉਹ ਭੀ ਠੀਕ ਹੀ ਹੈ।

ਇਸਬਾਤਦਾਨਿਰਣਾ ਸੁਰਤਸ਼ਬਦ ਜੋਗਪ੍ਰਭਾਕਰਅਤੇ ਆਨੰਦਭਾਸਕਰ ਵਿਖੇ ਚੰਗੀ ਤਰਾਂ ਕਰ ਦਿਤਾ ਗਿਆ ਹੈ। ਇਸਲਈਏਥੇ ਨਹੀਕੀਤਾ ਜਾਂਦਾ)ਅਰਥਾਤ ਨਾਭੀਤੋਂ ਉਠਕੇ ਹਿਰਦੇ ਅਤੇ ਕੰਠ ਵਿਚ ਦੀ ਚੱਕ੍ਰ ਮਾਰਦਾ ਹੋਇਆ ਮਸਤਕ ਤਕ ਪੌਂਚਕੇ ਨੇਤ੍ਰਾਂ ਦੇ ਵਿਚਕਾਰਲੀ ਜਾਗਾ ਜੋ ਨਾਸਾਂ ਦਾ ਮੂਲ ਭਾਗ ਹੈਉਥੋਂ ਦੀ ਹੋਕੇ(ਸਾਸ)ਨਾਸ਼ਾਂਦੁਆਰੇ ਬਾਹਰਆ ਜਾਂਦਾ ਹੈ ਅਤੇ ਬਾਹਰੋਂ ਫੇਰ ਉਸੇ ਤਰਾਂ ਉਨਾਂ ਅਸਥਾਂਨਾਂ ਵਿਚ ਦੀ ਹੋਕੇ ਨਾਭੀ ਤਕ ਉਲਟ ਜਾਂਦਾ ਹੈ। ਇਸ ਤਰਾਂ ਅੰਦਰੋਂ ਉਪਰ ਨੂੰ ਉਠਕੇ ਬਾਹਰ ਔਣਾ ਤੇ ਬਾਹਰੋਂ ਸਿਰ ਨੂੰ ਚੜ੍ਹਕੇ ਹੇਠਾਂ ਅੰਦਰ ਨੂੰ ਮੁੜ ਜਾਨਾ ਇਹ ਇਸ ਪ੍ਰਾਣ ਦੀ ਸਾਧਾਰਣ ਚਾਲ ਹੈ। ਜੋ ਕਿ ਜੀਵਾਂ ਲਈ ਕੇਵਲ ਬੰਧਨ ਦਾ ਹੀ ਕਾਰਣ ਹੈ।

ਅਰੁ ਜੋ ਕਿ ਨੇਤ੍ਰਾਂ ਦੇ ਵਿਚਕਾਰਲੀ ਜਾਗਾ ਸਿਰ ਇਕ ਐਸਾ ਤਾਰਾ ਹੈ ਜਿਸਨੂੰ ਲੋਕ ਪਰਲੋਕ ਦਾ ਫਾਟਕ ਕਹਿਣਾ ਚਾਹੀਏ ਕਯੋਂਕਿ ਉਸੇ ਟਿਕਾਣਿਓਂ ਜੀਵ ਸੰਸਾਰ ਵਿਚ ਹੇਠਾਂ ਆਨ ਪਟਕੀਂਦਾਂ ਹੈ। ਤੇ ਏਸੇ ਟਿਕਾਣੇ ਤੋਂ ਹੀ ਗੁਰਾਂ ਦੀ ਜੁਗਤੀ ਨਾਲ ਉਪਰ ਵਲ ਚੜ੍ਹਾਕ ਨਿਜ ਘਰ

ਰੂਪ ਪਰਲੋਕ ਵਿਚ ਪੁਚਾਇਆ ਜਾਂਦਾ ਹੈ। ਕਿਉਂ ਜੁ ਇਸੇ ਤਾਰੇ ਤੋਂ ਅਗੇ ਹੀ ਦਸਵੇਂ ਦੁਆਰ ਦੀ ਹੱਦ ਆਨ ਲਗਦੀ ਹੈ। ਇਸ ਲਈ ਅਭਿਆਸ ਭੀ ਏਥੋਂ ਹੀ ਸ਼ੁਰੂ ਹੁੰਦਾ ਹੈ। ਜਿਸਨੂੰ ਗੁਰੂ ਜੀਨੇ ਇਉਂ ਸੂਚਨ ਕਰਾਇਆ ਹੈ ਕਿ "ਦਸਵੇਂ ਦੁਆਰ ਕੁੰਜੀ ਜਬ ਦੀਜੈ। ਤਬ ਦਇਆਲ ਕੋ ਦਰਸ਼ਨ ਕੀਜੈ"। ਸੋ ਜਿਸਤਰਾਂ ਜੰਦਰਾ ਵੱਜਾ ਹੋਇਆ ਹੋਵੇ ਕੁੰਜੀ ਲਾਕੇ ਉਸਦੀ ਹਠਾਂਹਾਂ ਦਬੀ ਹੋਈ ਵਿਚਲੀ ਕਲਾ ਨੂੰ ਫੇਰ ਆਪਨੇ ਟਿਕਾਣੇ ਸਿਰ ਖਿਚਿਆਂ ਜੰਦਰਾ ਖੁਲ੍ਹ ਜਾਂਦਾ ਹੈ। ਇਸੇ ਤਰਾਂ ਹੀ ਅੰਤਾ ਕਰਣ (ਘਟ) ਰੂਪ ਕੋਠੇ ਨੂੰ ਜੋ ਮਾਇਆ ਨੇ ਭਰਮਦਾ ਜੰਦਰਾ ਮਾਰਕੇ ਸੁਰਤ ਦੀ ਕਲਾ ਹੇਠਾਂ ਨੂੰ ਡੇਗਕੇ ਸੰਸਾਰ ਵਿਚ ਫਸਾਂ ਦਿਤੀ ਹੈ ਉਸ ਸੁਰਤ ਨੂੰ ਭੀ ਮੋੜਕੇ ਪਹਿਲੇ ਉਪਰ ਕਰਨਾ ਜ਼ਰੂਰੀ ਹੈ। ਕਿਉਂਕਿ ਸਿਧਗੋਸ਼ਟ ਵਿਚ ਗੁਰੂ ਜੀ ਨੇ ਸਤਪੁਰਖ ਦੇ ਦਰਸ਼ਨ ਦੀ ਪ੍ਰਾਪਤੀ ਦਾ ਜਤਨ ਕਰਨ ਵਾਲਿਆਂ ਅਧਿਕਾਰੀਆਂ ਵਾਸਤੇ ਉਸਦੇ ਸਾਖਿਆਤ ਕਾਰ ਦਾ ਅਸਥਾਨ ਇਉਂ ਦੱਸਿਆ ਹੈ ਕਿ "ਸੁਖਮਨਾ ਇੜਾ ਪਿੰਗਲਾ ਬੂਝੈ ਜਾਂ ਆਪੇ ਅਲਖੁ ਲਖਾਏ। ਨਾਨਕ ਤਿਹੁ ਤੇ ਊਪਰ ਸਾਚਾ ਸਤਿਗੁਰ ਸਬਦਿ ਸਮਾਏ" ਅਰਥ ਇਹਹੈ ਕਿ ਇੜਾ ਪਿੰਗਲਾ ਤੇ ਸੁਖਮਨਾ ਇਹ ਤਿੰਨ ਨਾੜੀਆਂ ਜਿਨ੍ਹਾਂ ਦਾ ਭੇਦ ਆਪ ਹੀ ਪਰਮਾਤਮਾ, ਸਤਿਗੁਰਾਂ ਨੂੰ ਮਿਲਾਕੇ ਲਖੌਂਦਾ ਹੈ। ਉਨਾਂ ਤਿੰਨਾਂ ਨਾੜਾਂ ਦੀ ਸੰਧੀ ਅਰਥਾਤ ਮਿਲਾਪ ਜਿਸ ਟਿਕਾਣੇ ਸਿਰ ਹੁੰਦਾ ਹੈ ਉਸ ਅਸਥਾਨ ਉਪਰ ਉਸ ਸਤ ਪੁਰਖ ਪਰਮਾਤਮਾ ਦੇ ਸਾਖਯਾਤਕਾਰਦਾ ਅਸਥਾਨ ਹੈ ਜਿਸਤਰਾਂ ਕਿ "ਦਸਵੈਂ ਵਾਸਾ ਅਲਖ ਅਪਾਰੈ" ਭੀ ਕਿਹਾ ਹੈ ਜਿਸ ਉਸ

ਦਰਬਾਰ ਵਿਖੇ ਅਧਿਕਾਰੀ ਸਤਿਗੁਰਾਂ ਦੇ ਸ਼ਬਦ ਦੀ ਸਹੈਤਾ ਨਾਲ ਪ੍ਰਵੇਸ ਕਰ ਸਕਦਾ ਹੈ।

ਜੋ ਕੁੰਜੀ ਕਿ ਦਸਵੇਂ ਦੁਆਰ ਨੂੰ ਲਗਾਇਆਂ ਦਿਆਲੂ ਪਰ-ਮਾਤਮਾ ਦੇ ਦਰਸ਼ਨ ਹੋਣੇ ਪਿਛੇ ਗੁਰੂ ਸਾਹਿਬ ਦੇ ਬਚਨ ਅਨੁਸਾਰ ਦੱਸਿਆ ਗਿਆ ਸੀ ਉਹ ਏਹੋ ਹੀ ਜੁਗਤੀ ਰੂਪ ਕੁੰਜੀ ਹੈ ਅਰੁ ਏਸੇ ਦੇ ਵਰਤਨ ਨਾਲ ਹੀ ਨੀਚ ਦਸ਼ਾ ਵਿਚ ਡਿਗੇ ਹੋਏ ਮਨ ਤੇਸੁਰਤ ਉਪਰ ਚੜ੍ਹਕੇ ਭਗਵੰਤ ਦੇ ਦਰਬਾਰ ਵਿਚ ਪੋਚ ਸਕਦੇ ਹਨ। ਸੋ ਉਸ ਕੁੰਜੀ ਦੇ ਵਲ਼ ਫੇਰਨ ਦਾ ਭੇਤ ਇਸਤਰਾਂ ਪਰ ਹੈ—ਜੋ ਤਿੰਨ ਨਾੜਾਂ—ਇੜਾ ਪਿੰਗਲਾ ਤੇ ਸੁਖਮਨਾ ਉਪਰ ਦਸੀਆਂਹਨ ਇਨਾਂਵਿਚੋਂਸੁਖਮਨਾ ਪਰਧਾਨ ਨਾੜੀਹੈ ਇੜਾਪਿੰਗਲਾਦੇ ਸਮੇਤਜਿਤਨੀਆਂਸਰੀਰਦੇ ਅੰਦਰ ਦੂਜੀਆਂ ਭੀ ਛੋਟੀਆਂ ਮੋਟੀਆਂ ਨਾੜਾਂ ਹਨ ਉਹ ਸਭ ਏਸੇ ਸੁਖਮਨਾ ਵਿਚੋਂ ਹੀ ਨਿਕਲਕੇ ਹੇਠ ਉਪਰ ਪਸਰੀਆਂਹੋਈ-ਆਂ ਹਨ। ਅਰੁ ਇਨਾਂ ਨਾੜਾਂ ਵਿਚ ਦੀ ਹੀ ਪਰਾਣ ਸਾਰੇ ਸਰੀਰ ਵਿਖੇ ਦੌਰਾ ਕਰਦਾ ਹੈ। ਸਭ ਨਾੜਾਂ ਦੀ ਮੂਲ ਜਾਗਾ ਨਾਭੀ (ਧੁੰਨੀ) ਹੈ। ਅਤੇ "ਨਾਭਿ ਪਵਨੁ ਘਰ" ਨਾਭੀ ਹੀ ਪੌਣ ਦੇ ਬਾਸੇ ਦੀ ਜਗਾ ਹੈ। ਏਥੋਂ ਹੀ ਪੌਣ ਉਠਕੇ ਹੇਠ ਉਪਰ ਜਾਂਦੀ ਹੈ। ਅਰ "ਮਨ ਕਾ ਜੀਉ ਪਵਨੁ ਕਥੀਅਲੇ" ਇਹ ਪ੍ਰਾਣ ਹੀ ਮਨ ਦੀ ਜਾਨ ਹਨ। ਇਸੇ ਕਰਕੇਹੀ ਜਿਥੇ੨ ਇਸ ਪ੍ਰਾਣ ਦਾ ਦੌਰਾ ਹੁੰਦਾ ਹੈ ਉਥੇ ੨ ਹੀ ਨਾਲ ੧ ਮਨ ਭੀ ਭਟਕਦਾ ਰਹਿੰਦਾ ਹੈ ਜੈਸਾ ਕਿ ਪਿਛੇ ਦਸਿਆ ਜਾ ਚੁਕਾ ਹੈ ਕਿ ਪ੍ਰਾਣਾਂਦੀ ਖਿੰਡਾਰ ਚਾਲ ਦੇ ਕਾਰਣ ਮਨ ਭੀ ਖਿੰਡਿਆ ਰਹਿੰਦਾ ਹੈ। ਇਸ ਲਈ ਖਿੰਡੇ ਮਨ ਦੇ ਸਮੇਟਨ ਵਾਸਤੇ ਪ੍ਰਾਂਣਾ ਦੀ ਚਾਲ ਨੂੰ ਸਿੱਧੇ ਕੀਤਾ ਜਾਂਦਾ ਹੈ ਕਿ ਖੱਬੇ

ਸਜੇ ਪਾਸੇਦੀਆਂ ਇੜਾ ਪਿੰਗਲਾ ਨਾੜੀਆਂ ਦ੍ਵਾਰਾਨਾਭੀ ਤੋਂ ਉਠਕੇ ਜੋ ਸ੍ਵਾਸ ਖੱਬੀ ਸੱਜੀ ਨਾਸ ਦੇ ਰਾਹ ਹੋਕੇ ਅੰਦਰ ਬਾਹਰ ਔਂਦਾ ਜਾਂਦਾ ਹੈ ਉਸਦੇ ਨਾਲ ਗੁਰੂ ਮੰਤ੍ਰ ਰੂਪ ਸਬਦ ਨੂੰ ਮਿਲਾਕੇ ਮਸਤਕ ਵਿਖੇ ਜਿਥੇ ਇੜਾ ਪਿੰਗਲਾ ਨਾੜੀਆਂ ਦੀ ਪਿਠਵੱਲ ਦੀ ਹੋਕੇ ਦਸਵੇਂ ਦੁਆਰ ਨੂੰ ਪੌਂਹ ਦੀ ਹੋਈ ਸੁਖ ਮਨਾ ਨਾੜੀ ਨਾਲ ਮਿਲੌਨੀ ਹੁੰਦੀ ਹੈ ਉਥੋਂ ਤਕ ਸ੍ਵਾਸ ਦਾ ਖਿਆਲ ਕੀਤਾ ਜਾਵੇ-ਜਦ ਉਪਰ ਚੜ੍ਹਤਾ ਭੀ ਧਿਆਨਰਹੇ ਅਰੁ ਜਦ ਹੇਠਾਂ ਮੁੜੇ ਤਦ ਭੀ ਧਿਆਨ ਰਹੇ-ਇਸ ਭਾਂਤ ਧਿਆਨ ਮਾਤਰ ਰਖਨ ਨਾਲ ਹੀ ਸੁਰਤ ਤੇ ਮਨ ਸੂਖਮ ੨ ਹੁੰਦੇ ਆਪਨੇ ਆਪ ਹੀ ਅਪਨੀ ਨੀਚ ਗਤੀ ਦਾ ਤਿਆਗ ਕਰਕੇ ਉਪਰ ਵੱਲ ਚੜ੍ਹਨ ਦੀ ਚਾਟੇ ਲਗ ਜਾਂਦੇ ਹਨ ਤੇ ਇਸੇ ਭਾਂਤ ਹੀ ਨਿਤਾ ਪ੍ਰਤੀ ਦੇ ਅਭ੍ਯਾਸ ਕਰਦਿਆਂ ਕਰਦਿ- ਆਂ ਇਕ ਦਿਨ ਪੂਰੇ ੨ ਨਿਰਮਲ ਹੋਕੇ ਸਚ ਖੰਡ ਰੂਪ ਨਿਜ ਘਰ ਵਿਖੇ ਜੀਉਂਦੇ ਜੀ ਹੀ ਬਾਸਾ ਪਾ ਜਾਂਦੇ ਹਨ।

ਸੋ ਸਬਦ ਦੇ ਮਿਲਾਵਨ ਦੀ ਰੀਤੀ ਇਹ ਹੈ:— ਜੋ ਮੰਤ੍ਰ ਸਬਦ ਵਾਹਿਗੁਰੂ ਦਾ ਸਤਿਗੁਰਾਂ ਨੇ ਬਿਧੀ ਪੂਰਬਕ ਦੀਖਿਆ ਦਾਨ ਦਿੱਤਾ ਹੋਵੇ ਉਸਦੇ ਦੋ ਭਾਗ ਕਰਕੇ ਜ਼ਬਾਨ ਹਿਲਾਏ ਬਿਨਾਂ ਹੀ ਪਹਿਲੇ ਅੱਧੇ ਭਾਗ ਨੂੰ ਨਾਭੀ ਹੇਠੋਂ ਸ੍ਵਾਸ ਨਾਲ ਮਿਲਾਕੇ ਜਿਥੋਂ ਤਕ ਧੀਰਜ ਨਾਲ ਸਿਰ ਵੱਲ ਖਿਚਿਆ ਜਾਵੇ ਲੈਜਾਨਾ ਚਾਹੀਏ ਅਰੁ ਧੁਰ ਸਿਰ ਪੌਂਹਕੇਉਸੇਤਰਾਂ ਬਾਕੀ ਦੂਜਾਭਾਗਦਮਨਾਲ ਮਿਲਾਕੇਨਾਸਾਂਦੇ ਰਾਹ ਧੀਰਜ ਨਾਲ ਬਾਹਰ ਕਢ ਦੇਨਾ ਚਾਹੀਏ। ਅਤੇ ਫੇਰ ਉਸੇਤਰਾਂ ਹੀ ਹੁਣ ਪਹਿਲਾ ਭਾਗ ਮੰਤ੍ਰ ਦਾ ਸ੍ਵਾਸ ਨਾਲ ਮਿਲਾਕੇ ਨਾਸਾਂ ਦੇ ਰਸਤੇ ਸ੍ਵਾਸ ਨੂੰ ਧੀਰਜ ਨਾਲ ਅੰਦਰ ਨੂੰ

ਖਿਚਕੇ ਉਪਰ ਲੈਜਾਵੇ ਅਤੇ ਪਿਛਲਾ ਦੂਜਾ ਭਾਗ ਉਸਨਾਲ ਹੇਠ ਮੁੜਨ ਲਗੇ ਮਿਲਾਕੇ ਨਾਭੀ ਦੇ ਹੇਠ ਤਕ ਦਮ ਮੋੜ ਲਜਾਵੇ। ਉਪ੍ਰੰਤ ਉਸੇ ਤਰਾਂ ਹੀ ਫੇਰ ਪਹਿਲਾ ਭਾਗ ਧੁੰਨੀ ਹੇਠੋਂ ਖਿਚਕੇ ਪਿਛਲੇ ਭਾਗ ਨਾਲ ਸ੍ਵਾਸ ਨੂੰ ਬਾਹਰ ਛਡਨਾ ਚਾਹੀਏ ਤੇ ਬਾਹਰੋ ਪਹਿਲੇ ਭਾਗ ਨਾਲ ਅੰਦਰ ਨੂੰ ਸਾਹ ਖਿੱਚਕੇ ਪਿਛਲੇ ਨਾਲ ਧੁੰਨੀ ਤਕ ਲੈ ਜਾਨਾ ਚਾਹੀਏ। ਇਸ ਤਰਾਂ ਨਾਲ ਮੋੜ ਘੋੜਕੇ ਲਗਾ ਤਾਰ ਚਕ੍ਰ ਲੁਵੇਂਦਿਆਂ ੨ ਨਾਮ ਦੀ ਧੁਨ ਦੀ ਐਸੀ ਇਕਤਾਰ ਬੰਨ ਦੇਨੀ ਚਾਹੀਦੀ ਹੈ ਜਿਸਤਰਾਂ ਕਿ ਘੜੀ ਦੀਆਂ ਸੂਈਆਂ ਇਕ ਸਾਰ ਚਕ੍ਰ ਲੌਂਦੀਆਂ ਹੋਈਆਂਦਿਨ੨ਦੀ ਧੁਨੀਦੀ(ਦਿਨਰਾਤ)ਇਕ ਤਾਰ ਬੰਨੀ ਰਖਦੀਆਂ ਹਨ। ਅਰੁ ਜਿਸਭਾਂਤ ਘੜੀ ਨੂੰ ਇਕ ਵਾਰ ਕੁੰਜੀ ਲਾਇਆਂ ਦਿਨ ਰਾਤ ਹੀ ਫੇਰ ਉਸਦਾ ਚੱਕ੍ਰ ਆਪਨੇ ਆਪਚਲਦਾ ਰਹਿੰਦਾ ਹੈਇਸੀਭਾਂਤ ਇਸ ਅਭ੍ਯਾਸ ਦੀਪੂਰੀ ਪੂਰੀ ਤਾਰ ਬੰਨ ਦਿੱਤਿਆਂ ਭੀ 'ਉਪਰੰਤ' ਸੁੱਤਿਆਂ, ਜਾਗਦਿ-ਆਂ ਚਲਦਿਆਂ, ਫਿਰਦਿਆਂ, ਮੂਲ ਮੁੱਦਾ ਕੀ ਸਭ ਕਾਰ-ਰਵਾਈ ਕਰਦਿਆਂ ਹੋਇਆਂ ਆਪ੍ਰ ਭਰ ਹੀ ਆਪਨੇ ਆਪ ਅਭ੍ਯਾਸ ਹੁੰਦਾ ਚਲਿਆ ਜਾਵੇਗਾ ਕਿਸੇ ਕਾਲ ਵਿਖੇ ਭੀ ਤਾਰ ਨਾਂ ਟੁਟਨ ਕਰਕੇ ਇਸੇ ਦਾ ਨਾਮ ਹੀ ਸੱਤ ਨਾਮ ਹੈ ਜਿਸਦੀ ਬਾਬਤ ਗੁਰੂ ਜੀ ਕਹਿੰਦੇ ਹਨ ਕਿ "ਸਤਿ ਨਾਮ ਵਰਤੈ ਹਰਿਦੁਆਰਿ"। ਅਤੇ ਰਸਨਾ ਆਦ ਕਿਸੇ ਇੰਦਰੀ ਦੇ ਹਿਲੌਨ ਜੁਲੌਨ ਦੀ ਕੁਛ ਲੋੜ ਹੀ ਨਹੀਂ ਏਸੇ ਕਰਕੇ ਬਨਾਂ ਜਪਦੇ ਹੀ ਹੁੰਦੇ ਰਹਿਨ ਵਾਲਾ ਇਹ ਅਜਪਾ ਜਾਪ ਹੈ। ਅਰੁ "ਅਜਪਾ ਜਾਪ ਨ ਵੀਸਰੈ ਆਦਿ ਜੁਗਾਦਿ ਸਮਾਇ" ਇਹ ਕਦੀ ਭੀ ਨਹੀਂ ਵਿਸਰਦਾ ਤੇ ਅਪਨੇ

ਅਭ੍ਯਾਸੀ ਨੂੰ ਜੁਗਾਂ ਦੀ ਆਦ ਜੋ ਸਰਿਸ਼ਟੀ ਰਚਨ ਦਾ ਆਦ ਕਾਲ ਹੈ ਉਸਦੀ ਜੋ ਆਦ 'ਐਸਾ' ਭਗਵੰਤ ਹੈ ਉਸ ਵਿਖੇ ਅਭੇਦ ਕਰਦਿੰਦਾ ਹੈ! ਅਰਥਾਤ ਅਭ੍ਯਾਸੀ ਨੂੰ ਪਰਮ ਧਾਮ ਪਰ ਬ੍ਰਹਮ ਵਿਖੇ ਨਿਵਾਸ ਪ੍ਰਾਪਤ ਕਰਾ ਦਿੰਦਾ ਹੈ ਜਿਥੇ ਪੌਂਚਿਆਂ ਫੇਰ ਜਨਮ ਮਰਣ ਵਿਖੇ ਜੀਵ ਦਾ ਆਵਾ ਗੌਣ ਨਹੀਂ ਹੁੰਦਾ। ਤਾਂਤੇ ਕਲਯਾਣ ਚਾਹੁਨ ਵਾਲੇ ਅਧਿ-ਕਾਰੀ ਨੂੰ ਜਬਾਨ। ਹੋਠ ਫਰਕਨ ਦੇ ਬਿਨਾਂ ਹੀ ਸੁਤੇ ਸੁਭਾਵ ਹੁੰਦੇ ਰਹਿਨ ਵਾਲੇ ਇਸ (ਸਭ ਜਪ ਜਾਪ ਆਦਕਾਂ ਦੇ ਮੁਖੀਏ ਅਜਪਾ ਜਾਪ ਰੂਪ ਢੰਗ ਨਾਲ ਹੀ ਨਾਮ ਜਪਨਾ ਚਾਹੀਏ। (ਸਤਿਨਾਮ ਦੀ ਵਿਸ਼ੇਸ਼ ਵ੍ਯਾਖ੍ਯਾ ਅਸੀਂ ਪ੍ਰਾਣ ਸੰਗਲੀ ਦੀ ਹਿੰਦੀ ਵ੍ਯਾਖ੍ਯਾ ਵਿਚ ਭੀ ਕਰ ਚੁਕੇ ਹਾਂ ਵਿਸ਼ੇਸ਼ ਤੇ ਦੇਖਣ ਦੇ ਚਾਹਵੰਦ ਉਥੋਂ ਦੇਖਨ)

ਜੋ ਜੁਗਤੀ ਕਿ ਸਬਦ ਦੇ ਦੋ ਭਾਗ ਕਰਕੇ ਕਮਾਵਨ ਵਾਲੀ ਉਪਰ ਦਸੀ ਗਈ ਹੈ ਉਹ ਸਭ ਭਾਂਤ ਦੀ ਕਾਰ ਰਵਾਈ ਵਿਖੇ ਵਰਤਨ ਵਾਲੀ ਹੈ। ਪਰ ਜਯੋਂ ੨ ਅਭ੍ਯਾਸੀ ਕਮਾਈ ਕਰਦਾ ਹੈ ਤੇ ਉਸ ਉਪਰ ਕਿਰਪਾ ਹੋਣ ਲਗ ਪੈਂਦੀ ਹੈ ਤਾਂ ਉਸਨੂੰ ਵਿਚ ੨ ਕਈ ਭਾਂਤ ਦੇ ਪਰਤੇ ਅਭ੍ਯਾਸ ਵੇਲੇ ਮਿਲਨ ਲਗ ਪਿਆ ਕਰਦੇ ਹਨ-ਜਿਨਾਂ ਦਾ ਅਭ੍ਯਾਸੀ ਨੂੰ ਆਪਨੀ ਸੰਸਾਰੀ ਕਾਰ ਰਵਾਈ ਵਿਚ ਲਗਿਆਂ ਪਤਾ ਹੀ ਨਹੀ ਲਗਨਾ ਪੈਂਦਾ—ਤੇ ਉਹ ਐਂਵੇ ਆਵਾ ਗੌਣ ਵਿਚ ਹੀ ਹੋ ੨ ਕੇ ਹਟ ਜਾਂਦੇ ਹਨ--ਜਿਸਦਾ ਭੈੜਾ ਨਤੀਜਾ ਇਹ ਹੁੰਦਾ ਹੈ ਕਿ ਪਰਮਾਤਮਾ, ਸਤਿਗੁਰਾਂ ਦੀ ਕਿਰਪਾਲਤਾ ਦੀ ਦਾਤ ਦੀ ਨਿਆਦਰੀ ਹੋਨ ਕਰਕੇ ਉਹ ਪਰਤਾਵੇ ਮਿਲਨੇ ਫੇਰ ਹਟ ਜਾਂਦੇ ਹਨ। ਇਸ ਵਾਸਤੇ ਜਰੂਰੀ ਹੈ ਕਿ ਘੰਟਾ ਦੋ ਘੰਟੇ ਨੇਮ

---

* ਨੋਟ ਅਲਾਹਬਾਦ ਬੇਲਵੇਡਿਰ ਪ੍ਰੇਸ ਤੋਂ ਮਿਲੇਗੀ।

ਨਾਲ ਇਕਾਂਤ ਵਿਚ ਬੈਠਕੇ ਭੀ ਅਵੱਸ ਹੀ ਅਭਯਾਸ ਕੀਤਾ ਜਾਵੇ–ਸੋ ਉਸ ਦੀ ਜੁਗਤੀ ਇਉਂ ਹੈ–ਜਿਥੇ ਰੌਲਾ ਨਾਂ ਹੋਵੇ ਐਸੀ ਸਾਫ਼ ਸੁਥਰੀ ਇਕਾਂਤ ਜਾਗਾ ਤੇ ਆਸਨ ਵਿਛਾਕੇ ਸਿੱਧਾਂ ਵਾਲੀ ਚੌਂਕੜੀ ਤੇ ਬੈਠ ਜਾਨਾ ਚਾਹੀਏ ਅਰੁ ਵਾਹਿਗੁਰੂ ਸਰੂਪ ਦੀ ਅਰਾਧਨਾ ਕਰਕੇ ਇਕ ਟਕ ਅਡੋਲ ਬਿਰਤੀ ਨਾਮ ਦੇ ਸਿਮਰਣ ਵਿਚ ਗਡ ਦੇਵੇ। ਉਤਨਾਂ ਚਿਰ ਬੋਲਨਾ ਮੂਲੋਂ ਹੀ ਬੰਦ ਰਖਨਾ ਚਾਹੀਏ ਬਲਕਿ ਚਾਹੀਦਾ ਹੈ ਕਿ ਜ਼ਬਾਨ ਤਾਲੂ ਨਾਲ ਲਗੀ ਰਹੇ। ਅਰੁ ਅੱਖਾਂ ਅੰਦਰ ਕਰਕੇ ਅੰਦਰੇ ਅੰਦਰ ਹੀ ਨਜ਼ਰ ਨੂੰ ਦੋਹਾਂ ਬਰਵਟਿਆਂ ਦੇ ਵਿਚਕਾਰਲੀ ਜਾਗਾ ਸਿਰ (ਜਿਥੇ ਕਿ ਕੁਛ ਕਾਲ ਦੇ ਅਭਯਾਸ ਦੇ ਠੀਕ ੨ ਬਨ ਆਵਨ ਉਪ੍ਰੰਤ ਇਕ ਜੋਤ ਭੀ ਪ੍ਰਗਟ ਹੋ ਆਇਆ ਕਰਦੀ ਹੈ) ਟਿਕਾ ਦਿਓ। ਅਤੇ ਸੁਰਤ ਐਸੀ ਤਰਾਂ ਟਿਕਾਓ ਕਿ ਮੂਲੋਂ ਹੀ ਉਟਕਨੀ ਨਾਂ ਪਾਵੇ। ਜਦ ਇਸ ਭਾਂਤ ਅੰਦਰੋਂ ਬਾਹਰੋਂ ਅਡੋਲ ਹੋਕੇ ਬੈਠਿਆ ਜਾਵੇ ਤਾਂ ਸਬਦ ਦੇ ਚਾਰ ਅਖੱਰ ਦੇ ਅਡ ੨ ਚਾਰ ਭਾਗ ਕਲਪਕੇ ਪਹਿਲੇ ਅਖੱਰ ਨੂੰ ਧੁੰਨੀ ਦੇ ਟਿਕਾਣੇ ਸਿਰ ਅੰਦਰੇ ਅੰਦਰ ਦਿਲ ਦੀ ਜ਼ਬਾਨ ਨਾਲ ਆਖਦਿਆਂ ਹੋਇਆਂ ਸ੍ਵਾਸ ਨੂੰ ਹਿਰਦੇ ਵੱਲ ਖਿਚਨਾ ਚਾਹੀਏ। ਅਤੇ ਦੋਂਹ ਛਾਤੀ ਦੇ ਵਿਚਕਾਰਲੀ ਜਾਗਾ ਸਿਰ ਸ੍ਵਾਸ ਦੇ ਪੌਂਚਨ ਸਾਰ ਉਸੇ ਤਰਾਂ ਇਕ ਵਾਰਗੀ ਹੀ ਦੂਜਾ ਅਖੱਰ ਕਹਿੰਦਿਆਂ ਹੋਇਆਂ ਸ੍ਵਾਸ ਨੂੰ ਉਪਰ ਵੱਲ ਖਿੱਚ ਲਿਆਓ। ਤੇ ਜਾਂ ਕੰਠ ਵਿਚ ਸ੍ਵਾਸ ਆਨ ਪਹੁੰਚੇ ਤਾਂ ਸਾਹਰਗ ਵਾਲੀ ਥਾਂ ਤੇ ਤੀਜਾ ਭਾਗ ਮੰਤ੍ਰ ਦਾ ਅਰਥਾਤ ਤੀਜਾ ਅਖਰ ਸੁਰਤ ਨਾਲ ਹੀ ਕਹਿੰਦਿਆਂ ਹੋਇਆਂ ਇਕ ਦਮ ਸ੍ਵਾਸ ਨੂੰ ਸਿਰ ਵਲ ਖਿਚਕੇ ਨੇਤਰਾਂ ਦੇ

ਵਿਚ ਕਾਰਲੇ ਟਿਕਾਣੇ ਤੇ ਨਾਮ ਦਾ ਚੌਥਾ ਭਾਗ ਜਾ ਉਚਾਰੋ। ਅਤੇ ਹੇਠਾਂ ਨੂੰ ਸ੍ਵਾਸ ਦੇ ਮੁੜਦੀਵਾਰ ਇਕ ਵਾਰਗੀ ਹੀਨਾਮ ਦੇਚਾਰੇ ਭਾਗ ਇਕ ਸਾਹ ਅੰਦਰੇ ਅੰਦਰ ਉਚਾਰਨੇ ਚਾਹੀਏ । ਭਾਵ ਇਹ ਕਿ ਹੇਠਾਂ ਨੂੰ ਸ੍ਵਾਸ ਦੇ ਔਂਦੀਵਾਰ ਅੱਡ ਅੱਡ ਭਾਗਾ ਦਾ ਧਿਆਨ ਨਹੀ ਕਰਨਾ ਸਗੋਂ ਇਕੋ ਵਾਰ ਹੀ ਸਾਰਾ ਨਾਮ ਉਚਾਰਨਾ ਚਾਹੀਦਾ ਹੈ ।ਉਪਰੰਤ ਏਸੇ ਤਰਾਂ ਤਤਕਾਲ ਹੀ ਫੇਰ ਉੱਪਰ ਨੂੰ ਅਡ ਚਾਰੇ ਭਾਗ ਕਰਕੇਚੜ੍ਹਨਾ ਚਾਹੀ ਏ ਅਤੇ ਹੇਠਾਂ ਨੂੰ ਸ੍ਵਾਸ ਦੇ ਮੁੜਦੀ ਵਾਰ ਅੰਦਰੇ ਅੰਦਰ ਇਕ ਵਾਰਗੀ ਹੀ ਸੁਰਤ ਨਾਲ ਪੂਰਾ ਨਾਮ ਉਚਾਰਨਾ ਉਚਿਤ ਹੈ।ਇਸਭਾਂਤ ਬਾਰੰਬਾਰ ਹੇਠਉਪਰ ਦਾ ਚਕ੍ਰ ਲੌਂਦੇ ਰਿਹਾਂ ਥੋੜੇ ਦਿਨਾਂ ਵਿਚ ਹੀ "ਚਹੁ ਵਰਨਾਂ ਵਿਚ ਜਾਗੇ ਕੋਇ। ਜਮੈ ਕਾਲੈ ਤੇ ਛੂਟੈ ਸੋਇ" ਇਸ ਗੁਰੂ ਸਾਹਿਬ ਦੀ ਆਗਯਾ ਅਨੁਸਾਰ ਚੌਹਾਂ ਅੱਖਰਾਂ ਵਿਚ ਜਾਗ ਦੇ ਅਰਥਾਤ ਸਾਵਧਾਨ ਰਹਿੰਦੇ ਹੋਏ, ਜਮਕਾਲ ਦੇ ਨੌਂਗ੍ਰਹਿ ਰੂਪ ਬੰਧਨਾਂ ਵਿਚੋਂ ਛੁਟਕਾਰਾ ਪਾਵਨ ਵਾਲੇ ਉਸ ਅਭਯਾਸੀ ਲਈ ਦਸਵੇਂ ਦੁਆਰ ਦਾ ਫਾਟਕ (ਮੋਖ ਦੁਆਰ) ਇਉਂ ਖੁਲ ਜਾਂਦਾ ਹੈ ਜਿਸ ਤਰਾਂ ਨਾਲ ਕਿ ਉਲਟ ਪਲਟਕੇ ਕੁੰਜੀਦੇ ਫੇਰਨ ਨਾਲ ਇਕਦਮ ਹੀ ਰੇਲਦਾ ਫਾਟਕ ਖੁਲ ਜਾਇਆ ਕਰਦਾ ਹੈ। ਅਤੇ ਅਗੇ ਫਾਟਕਖੁਲਦੇਸਾਰ ਦਰਜੇਵਾਰ ਦੀਆਂਗੱਡੀਆਂ ਤਰਾਂਆਤਮਿਕ ਮੰਡਲਾਂਵਿਚਅਭਯਾਸੀਜਾ ਪਹੁੰਚਦਾ ਹੈ। ਜਿਨਾਂ ਦਾਨਿਰਣਾ 'ਸੁਜੋਗ ਪ੍ਰਭਾਕਰ' ਨਾਮੀ ਗ੍ਰੰਥ ਤੇ ਪ੍ਰਾਣ ਸੰਗਲੀ ਵਿਚ ਵਿਸਤਾਰ ਨਾਲ ਦਿਖਾਇਆ ਗਿਆ ਹੈ। ਵਿਦਿਤ ਰਹੇ ਕਿ ਇਥੇ ਜੋ ਹੇਠਾਂ ਨੂੰ ਸ੍ਵਾਸ ਦੇ

ਮੁੜਦੀਵਾਰਇਕ ਵਾਰਗੀ ਹੀਸਮੁਚੇਨਾਮ ਇਕਸਾਹੇ ਉਚਾ-
ਰਨਾ ਕਿਹਾ ਹੈ ਸੋ ਵਾਸਨਾ ਯਾਮ ਦੀ ਰੀਤੀ ਅਨੁਸਾਰ ਹੈ
ਹਠਯੋਗ ਅਨੁਸਾਰੀ ਪ੍ਰਾਣਾ ਯਾਮ ਦੇ ਢੰਗ ਨਾਲ ਇਸ ਦਾ
ਕੋਈ ਸਨਬੰਧ ਨਹੀਂ--ਕਜੋਂ ਕਿ ਹਠਯੋਗ ਵਿਖੇ ਜੋ ਸ੍ਵਾਸ ਦਾ
ਰੇਚਕ ਹੁੰਦਾ ਹੈ ਸੋ ਪੂਰਕ ਨਾਲੋਂ ਦੁਗਨਾ ਅਤੇ ਸਹਜ ੨
ਕੀਤਾ ਜਾਂਦਾ ਹੈ ਪਰ ਵਾਸਨਾ ਯਾਮ (ਇਸ) ਮਾਰਗ ਵਿਖੇ
ਐਸਾ ਨਹੀਂ ਹੁੰਦਾ। ਇਨਾਂ ਦੋਹਾਂ ਮਾਰਗਾਂ ਦਾ ਆਪਸ ਵਿਚ
ਬੜਾ ਭਿੰਨ ਭੇਦ ਹੈ-ਹਠ ਯੋਗ ਵਿਖੇ ਤਾਂ ਪੂਰਕ ਹਿਰਦੇਵਿਖੇ
ਕਰਕੇ ਰੇਚਕ ਬਾਹਰ ਕੀਤਾ ਜਾਂਦਾ ਹੈ ਤੇ ਇਸ ਸੁਖਯੋਗ
(ਬਾਸਨਾ ਯਾਮ ਮਾਰਗ) ਵਿਖੇ ਪੂਰਕ ਲਿਲਾਟ (ਮਸਤਕ)
ਅਸਥਾਨ ਵਲ ਕਰਕੇ ਰੇਚਕ (ਅੰਦਰੇ ਅੰਦਰ) ਹਿਰਦੇ
ਅਥਵਾ ਨਾਭੀ ਅਸਥਾਨ ਵਿਖੇ ਕੀਤਾ ਜਾਂਦਾ ਹੈ। ਅਤੇ ਇਸ
ਮਾਰਗ ਵਿਖੇ ਕੁੰਭਕ ਕੇਵਲ ਸੁਰਤ ਦੀ ਅਡੋਲਤਾਈ ਹੀ
ਪਰਵਾਣ ਕੀਤੀ ਗਈ ਹੈ ਨਾਂ ਕਿ ਪ੍ਰਾਣਾਂ ਦੀ ਨਿਰੋਧਤਾਈ-
ਕਜੋਂਕਿ ਜੀਵਾਂ ਦੀ ਸੁਰਤ ਹੀ ਮਲੀਨ ਬਾਸਨਾ ਆਦ ਕਾਰ-
ਣਾਂ ਕਰਕੇ ਅਪਨੇ ਅਸਲੀ ਟਿਕਾਣਿਓ ਹੇਠਾਂ ਨੂੰ ਡਿੱਗੀਹੋਈ
ਹੁੰਦੀ ਹੈ ਜੋ ਕਿ ਬਿਨਾਂ ਜਤਨ ਦੇ ਉਪਰ ਨਹੀਂ ਚੜ੍ਹਾਈ ਜਾ
ਸਕਦੀ-ਅਰੁ ਜੇ ਹਠ ਮਾਰਗ ਤਰਾਂ ਉਸੇ ਰੇਚਕ ਦ ਪ੍ਰਕਾਰ
ਸਰੀਖਾ ਹੀ ਸੁਰਤ ਨੂੰ ਹੇਠਲਾ ਗੇੜਾ ਭੀਜਜੋਂ ਕਾ ਤਜੋਂ ਲੁਵਾ
ਇਆ ਜਾਵੇ ਤਾਂ ਹੇਠ ਹੀ ਰਹਿਨ ਦੀ ਬਜਸਨੀ ਇਹ ਉਪਰ
ਦੀ ਚੜ੍ਹਾਈ ਨਾਲ ਪੂਰਾ ੨ ਪਿਆਰ ਨਹੀਂ ਕਰੇਗੀ ਅਤੇ
ਜਤਨ ਨਾਲ ਉਪਰ ਨੂੰ ਚੜੀ ਹੋਈ ਭੀ ਅਪਨੇ ਬਜਸਨ
ਦੀ ਮਾਰੀ ਹੋਈ ਫੇਰ ੨ ਹੇਠ ਨੂੰ ਹੀ ਅਪਨਾ ਚਕ੍ਰ ਮਾਰਨ
ਦਾ ਜ਼ੋਰ ਲੋਂਦੀ ਰਹੇਗੀ। ਏਹੋ ਹੀ ਕਾਰਣ ਹੈ

ਜਿਸ ਕਰਕੇ ਉਸ ਰੀਤੀ ਦ੍ਵਾਰੇ ਸੁਰਤ ਦਾ ਨਿਜ ਧਾਮ ਵਿਖੇ ਪੌਹਨਾਂ ਹੀ ਅਸੰਭਵ ਮੰਨਕੇ ਵਾਸਨਾਧਾਮ ਵਾਲਿਆਂ ਨੇ ਉਸ ਹਠ ਮਾਰਗ ਵਾਲੀ ਗਤੀ ਦੇ ਉਲਟੀ ਰੀਤੀ ਪ੍ਰਵਾਨ ਕੀਤੀ ਹੈ ਕਯੋਂ ਜੁ ਹਠ ਦੇ ਉਲਟੀ ਚਾਲ ਦਾ ਨਾਮ ਹੀ ਸੁਖ ਸਾਧ ਚੇਸ਼ਟਾ ਹੈ। ਸੋ ਜਿਸ ਭਾਂਤ ਅਸਮਾਨ ਵਿਖੇ ਅਡੋਲ ਚੜ੍ਹੀ ਪਤੰਗ ਨਾਲ ਪੇਚਾ ਲੜ੍ਹਾਵਨ ਲਈ ਪਤੰਗ ਉਡਾਣ ਵਾਲਾ ਝੁਣਕਾ ਮਾਰ ੨ ਕੇ ਸਹਜੇ ੨ ਉਪਰ ਚੜ੍ਹੌਂਦਾ ੨ ਉਪਰ ਲੈਜਾਕੇ ਇਕ ਵਾਰਗੀ ਹੀ ਪਤੰਗ ਦੀ ਡੋਰ ਨੂੰ ਝਟਕੱਲਾ ਮਾਰਕੇ ਤਤਕਾਲ ਉਪਰ ਨੂੰ ਸਾਵਧਾਨ ਕਰਦਾ ਹੈ ਐਸੇ ਹੀ ਡਿਗੀ ਹੋਈ ਸੁਰਤ ਨੂੰ ਸ੍ਵਾਸਾਂ ਰੂਪੀ ਡੋਰ ਦੇ ਸਹਾਰੇ ਹਿਰਦੇ ਕੰਠ ਆਦ ਅਸਥਾਨਾਂ ਪਰ ਨਾਮ ਦੇ ਵਖਰੇ ੨ ਭਾਗ ਰੂਪ ਝੁਣਕਿਆਂ ਦ੍ਵਾਰੇ ਅਸਲ ਟਿਕਾਣੇ ਸਿਰ ਚੜ੍ਹਾਕੇ ਸਮੁੱਚੇ ਮਾਤ੍ਰ ਸਬਦ ਨਾਲ ਇਕ ਵਾਰਗੀ ਹੀ ਸੁਰਤ ਨੂੰ ਹੇਠਾਂ ਪਟਕ ਕੇ ਤਤਕਾਲ ਫੇਰ ਉਪਰ ਨੂੰ ਝੁਣਕਿਆਂ ਦ੍ਵਾਰੇ ਲੈਜਾਣਾ ਜਰੂਰੀ ਹੈ। ਏਹੀ ਇਸ ਮਾਰਗ ਵਿਖੇ ਪਰਧਾਨ ਜੁਗਤੀ ਸੁਰਤ ਦੇ 'ਸਚੇ ਮਾਲਿਕ ਅਕਾਲ ਪੁਰਖ ਦੇ ਚਰਨਾਂ ਵਿਖੇ ਅਭੇਦ ਹੋਨ ਦੀ ਹੈ। ਤਾਂਤੇ ਹਠ ਯੋਗ ਦੇ ਵਿਰੁੱਧ ਸਮਝਕੇ ਕਿਸੇ ਪ੍ਰਕਾਰ ਦਾ ਸੰਦੇਹ ਕਰਨਾ ਉਚਿਤ ਨਹੀ। ਕਿਉਂਕਿ ਆਪਨੀ ੨ ਲੈਣ ਸਿਰ ਦੀ ਗਡੀ ਅਪਨੇ ੨ ਮੁਸਾਫਰ ਨੂੰ ਧੁਰ ਮਜਲ ਸਿਰ ਪੁਚਾਵਨ ਵਿਖੇ ਇਕ ਸਮਾਨ ਹੀ ਸਮਰਥ ਹੁੰਦੀ ਸਮਝਨੀ ਚਾਹੀਏ। ਪਰ ਯਾਦ ਰਖਨ ਦੀ ਗੱਲ ਹੈ ਕਿ ਜਿਸ ਤਰਾ ਗੱਡੀ ਨੂੰ ਝੰਡੀ ਦਿਖਾਕੇ ਚਲੌਨ ਤੇ ਬੰਦ ਕਰਵੌਨ ਵਾਲ ਗਾਰਡ ਸਦਾ ਗਡੀ ਦੀ ਤੇ ਮੁਸਾਫਰਾਂ ਦੀ ਰਖਵਾਲੀ ਲਏ?

ਨਾਲ ੨ ਰਹਿੰਦਾ ਹੈ; ਏਸੇ ਤਰਾਂ ਅਭਯਾਸੀ ਨੂੰ ਭੀ ਅਭਯਾਸ ਵਿਖੇ ਗੁਰੂ ਸਰੂਪ ਨੂੰ ਅਗੂਆ ਰਖਨਾ ਜਰੂਰੀ ਹੁੰਦਾ ਹੈ। ਕਯੋਂਕਿ ਜਿਸ ਤਰਾਂ ਗਾਰਡ ਬਿਨਾਂ ਗਡੀ ਕਦਾਚਿਤ ਨਹੀਂ ਤੁਰ ਸਕਦੀ ਐਸੇ ਹੀ ਐਂਵੇ ਗੁਰੂ ਤੋਂ ਜੁਗਤੀ ਸੁਨ ਲੈਨ ਮਾਤ੍ਰ ਨਾਲ ਹੀ ਕਾਰਜ ਰਾਸ ਨਹੀ ਆ ਸਕਦਾ। ਬਲਕਿ ਗੁਰੂ ਸਾਥੀ ਹੋਵੇ ਤਾਂ ਮੁਸਾਫਰ ਨੂੰ ਕੁਛ ਮਿਹਨਤ ਭੀ ਨਹੀ ਕਰਨੀ ਪੈਂਦੀ ਬਸ ਯੁਕਤੀ ਰੂਪ ਟਿਕਟ ਲਈ ਤੇ ਗਡੀ ਉਪਰ ਬੈਠੇ ਅਖਾਂ ਮੀਟੇ (ਨਿਰਜਤਨ) ਹੀ ਆਪਨੇ ਧੁਰ ਟਿਕਾਣੇ ਸਿਰ ਅਰਥਾਤ ਪਰਮ ਧਾਮ ਵਿਖੇ ਜਾ ਪਹੁੰਚਦਾ ਹੈ॥

ਸਮਾਂ ਸਰੀਰ ਕਾਲ ਇਕ ਜੈਸਾ ਨਹੀਂ ਰਹਿੰਦਾ ਤੇ ਚਿੱਤ ਦਾ ਹਾਲ ਭੀ ਇਕ ਸਮਾਨ ਕਿਸੇ ਡਾਢੇ ਸਿਕ ਵਾਲੇ ਪ੍ਰੇਮੀ ਦਾ ਹੀ ਰਹਿੰਦਾ ਹੈ। ਇਸ ਕਾਰਣ ਜੇ ਕਦੀ ਕਿਸੇ ਸੰਸਾਰੀ ਪਰਵਿਰਤੀ ਦੇ ਕਾਰਣ ਅਥਵਾ ਸੁਤੇ ਹੀ ਰਜੋਗੁਣ ਦੇ ਦੌਰ ਕਰਕੇ ਅਭਯਾਸ ਵਿਚ ਬੈਠਿਆਂ ਹੋਇਆਂ ਮਨ ਬਹੁਤ ਜ਼ੋਰ ਨਾਲ ਤਰੰਗਾਂ ਉਠਾਕੇ ਸੁਰਤ ਨੂੰ ਉਟਕਾਵੇ ਅਤੇ ਬੰਦ ਕੀਤਿਆਂ ਭੀ ਤਰੰਗ ਬੰਦ ਨਾ ਹੋਣ ਤਾਂ ਇਸ ਢੰਗ ਨਾਲ ਮਨ ਨੂੰ ਸਮਝੌਤੀ ਦੇਕੇ ਵਰਜਨਾ ਚਾਹੀਏ। ਹੇ ਪਿਆਰੇ ਮਨ ! ਤੂੰ ਤਾਂ ਹੁਣ ਮੇਰਾ ਨਹੀ ਰਿਹਾ ਹੋਇਆ। ਕਯੋਂ ਜੁ ਮੈਂ ਤੈਨੂੰ ਸਤਿਗੁਰਾਂ ਦੀ ਭੇਟਾ ਕਰ ਦਿੱਤਾ ਹੈ। ਇਸ ਲਈ ਮੇਰੇ ਕੰਮਾ ਧੰਦਿਆਂ ਵੱਲ ਸੰਕਲਪ ਦੇਣਾ ਹੁਣ ਤੇਰਾ ਧਰਮ ਨਹੀਂ। ਕਯੋਂ ਕਿ ਜੇਕਰ ਤੂੰ ਕੁਟੰਬ ਪਰਵਾਰ ਯਾ ਘਰਦੇ ਧੰਦਿਆਂ ਵਿਚ ਲਗੇਂਗਾ ਤਾਂ ਜਿਸ ਤਰਾਂ ਮਾਲਿਕ ਤੋਂ ਖੁਥਿਆ ਹੋਇਆ ਸੇਵਕ ਦੂਜੇ

ਦੀ ਸੇਵਾ ਕਰੇ ਤਾਂ ਉਸਨੂ ਨੌਕਰੀ ਨਹੀਂ ਮਿਲਦੀ ਤੇ ਉਹ ਦਰਬਾਰ ਵਿਚੋਂ ਕਢਿਆ ਜਾਂਦਾ ਹੈ। ਐਸੇ ਹੀ ਤੇਰੀ ਭੀ ਦੁਰਗਤੀ ਹੋਵੇਗੀ। ਅਤੇ ਏਸ ਤੇਰੀ ਕਰਤੂਤ ਕਰਕੇ ਮੈਨੂੰ ਭੀ ਸਤਿਗੁਰਾਂ ਅਗੇ ਝੂਠਾ ਬਨਨਾ ਪਊ। ਅਰ ਜਿਸ ਤਰਾਂ ਦਾਨ ਦਿਤੀ ਹੋਈ ਚੀਜ ਨੂੰ ਮੋੜ ਲੈਣਾ ਪਾਪ ਹੁੰਦਾ ਹੈ। ਐਸੇ ਹੀ ਤੂੰ ਮੈਨੂੰ ਪਾਪ ਦਾ ਭਾਗੀ ਬਨਾਵੇਂਗਾ। ਇਸ ਵਾਸਤੇ ਤੂੰ ਹੁਣ ਮੇਰੇ ਉਪਰ ਉਪਕਾਰ ਕਰ ਅਰ ਇਸ ਅਪਨੀ ਬਾਨ ਨੂੰ ਸਦਾ ਲਈ ਹੀ ਵਿਸਾਰ ਦੇਹ। ਮਤਲਬ ਕੀਹ ਕਿ ਜਿਸ ਕਿਸ ਤਰਾਂ ਭੀ ਹੋ ਸਕੇ ਮਨ ਨੂ ਸਿਮਰਣ ਤੇ ਧਿਆਨ ਤੋਂ ਬਿਨਾਂ ਹੋਰ ਪਾਸੇ ਮੂਲੋਂ ਹੀ ਨਾਂ ਜਾਣ ਦੇਣਾ ਚਾਹੀਏ–ਏਹੋ ਹੀ ਮਨ† ਅਰਪਣ ਹੈ।

ਮਨ ਦਾ ਸੁਭਾਵ ਹੈ ਕਿ ਜੈਸੀ ਪਰਪਾਟੀ ਇਸਨੂੰ ਪਾਈ ਜਾਵੇ। ਭਾਂਵੇ ਕੁਛ ਭੀ ਹਵੇ ਜਿਸ ਕਿਸ ਤਰਾਂ ਉਸਦਾ

---

†("ਮਨੁ ਦੇ ਪਾਵਹਿ ਨਾਮੁ ਸੁਹੇਲਾ" ਸੁਖਾਂ ਦਾ ਦਾਤਾ ਨਾਮੁ–'ਮਨ ਦੇਕੇ ਹੀ' ਪ੍ਰਾਣੀ ਪਾ ਸਕਦੇ ਹਨ। ਸੋ ਦੀਖਿਆ ਗ੍ਰਹਣ ਦੇ ਸਮੇ ਜੋ ਮਨ ਤਨ ਆਦ ਅਰਪਣ ਦੀ ਬਿਧੀ ਦਾ ਪ੍ਰਕਾਰ ਹੈ ਜਿਸਨੂੰ ਕਿ "ਤਨੁ ਮਨੁ ਅਰਪਿ ਕਰਉ ਗੁਰ ਸੇਵਾ ਇਤ ਮਾਰਗਿ ਭੈਣੋ ਮਿਲੀਐ" ਇਸ ਬਚਨ ਦੁਆਰੇ ਪ੍ਰਗਟ ਕਰਕੇ ਅਭਿਆਸ ਵਿਖੇ ਪ੍ਰਵਿਰਤ ਹੋਣਾ ਫਲਦਾਈ ਦਸਿਆ ਹੈ ਉਹ ਪ੍ਰਕਾਰ ਆਨੰਦ ਭਾਸਕਰ ਵਿਖੇ ਨਿਰੂਪਣ ਕੀਤਾ ਜਾ ਚੁਕਾ ਹੈ ਇਸ ਕਾਰਣ ਏਥੇ ਨਹੀਂ ਵਰਨਣ ਕੀਤਾ) ਕੇਵਲ ਉਸ ਪ੍ਰਸੰਗ ਦਾ ਨਤੀਜਾ ਅੰਗੀਕਾਰ ਕੀਤਾ ਹੈ।

ਨਿਰਬਾਹ ਕਰਦਾ ਹੀ ਹੈ । ਅਰ ਜੇ ਇਸਦੇ ਸਿਰ ਤੇ ਕੁੰਡਾ ਨਾ ਰਖਿਆ ਜਾਵੇ ਤਾਂ ਬਿਲਕੁਲ ਬੇਵਸਾ ਹੋਕੇ ਵਰਤਨ ਲਗ ਜਾਂਦਾ ਤੇ ਬੜਾ ਦੁਖ ਦਿੰਦਾ ਹੈ । ਇਸ ਕਾਰਣ ਅਭਿਆਸ ਦੇ ਵਾਸਤੇ ਸਮਿਆਂ ਦੀ ਵੰਡ ਕਰਕੇ ਵਰਤਣਾ ਬਹੁਤ ਜ਼ਰੂਰੀ ਬਾਤ ਹੈ । ਸੋ ਗੁਰੂ ਜੀਨੇ ਪਰਧਾਨ ਵੇਲੇ (ਅਭਿਆਸ ਦੇ) ਇਹ ਦਸੇਹਨ ਕਿ "ਪਹਿਲੀ ਰਾਤੀ ਫੁਲੜਾ ਫਲ ਭੀ ਪਿਛਾ ਰਾਤਿ । ਜੋ ਜਾਗੰਨ ਲਹਿਨ ਸੇ ਸਾਂਈ ਕੰਨਹੁ ਦਾਤ" ॥ ਅਰਥ ਇਹ ਕਿ ਜੋ ਪਹਿਲੀ ਰਾਤ ਵਿਖੇ ਅਭਿਆਸ ਵਿਚ ਇਸਥਿਤ ਹੋਕੇ ਸਾਵਧਾਨ ਰਹਿੰਦੇ ਹਨ ਉਨਾਂ ਅਭਿਆਸੀਆਂ ਦੇ ਅੰਦਰ ਅਭਿਆਸ ਰੂਪ ਬਿਰਛ ਨਾਲ ਸਭ ਭਾਂਤ ਦੇ ਪਰਮਾਰਥੀ ਗੁਣ ਰੂਪੀ ਫੁਲ ਆਪਣੇ ਆਪ ਆਨ ਸੋਭਦੇ ਹਨ । ਅਤੇ ਐਸਾ ਹੀ ਜੋ ਪਿਛਲੀ ਰਾਤ ਉਠਕੇ ਸੁਧ ਪਵਿਤ੍ਰ ਹੋਕੇ ਅਭਿਆਸ ਵਿਖੇ ਸਾਵਧਾਨੀ ਨਾਲ ਬੈਠਦੇ ਹਨ ਉਨਾਂ ਦੀ ਹਿਰਦੇ ਰੂਪੀ ਭੂਮੀ ਵਿਖੇ ਅਭਿਆਸ ਰੂਪ ਬਿਰਛ ਨੂੰ ਪਰਮਾਨੰਦ ਰੂਪ ਫਲ ਦੀ ਪ੍ਰਾਪਤੀ ਹੁੰਦੀ ਹੈ । ਕਰਤਾਰ ਦੇ ਘਰੋਂ ਸਭ ਭਾਂਤ ਦੀ ਦਾਤ ਐਸੇ ਪੁਰਖਾਰਥੀਆਂ ਪਾਸ ਹੀ ਪਹੁੰਚਿਆ ਕਰਦੀ ਹੈ ਤਾਂਤੇ ਜਿਸ ਕਿਸ ਤਰਾਂ ਹੋਵੇ ਉਚਿਤ ਹੈ ਕਿ ਦੋਵੇਂ ਵੇਲੇ (ਰਾਤ ਦੇ) ਆਪਣੇ ਟੀਚੇ ਸਿਰ ਪ੍ਰੇਮ ਤੇ ਸਚੇ ਸ਼ੌਕ ਨਾਲ ਅਭਿਆਸ ਦਾ ਘੰਟਾ ੨ ਭਰ ਮਮੂਲ ਨਿਭਾਇਆ ਜਾਵੇ ।

ਜਿਸ ਭਾਂਤ ਗੁਰੂ ਮਹਾਰਾਜ ਜੀਨੇ ਦੋ ਵੇਲੇ ਸਾਧਾਰਣ ਲੋਕਾਂ ਲਈ ਪ੍ਰਗਟ ਕੀਤੇ ਹਨ ਐਸਾ ਹੀ ਤੀਜਾ ਵੇਲਾ ਦੁਪਹਿਰ ਦਾ ਭੀ ਅਭਿਆਸ ਵਿਚ ਲੋਣ ਦਾ ਪ੍ਰਵਾਣ ਕੀਤਾ ਹੈ ਕਯੋਂਕਿ ਜਿਸਤਰਾਂ ਸੰਧਯਾ ਦਾ ਵੇਲਾ

ਦਿਨ ਤੇ ਰਾਤ ਦੀ ਸੰਧੀ ਅਰਥਾਤ ਮਿਲੌਨੀ ਦਾ ਸਮਾਂ ਹੈ ਅਰੁ ਪਰਾਤਾਕਾਲ ਜਿਸ ਭਾਂਤ ਰਾਤ ਅਤੇ ਦਿਨ ਦੀ ਮਿਲੌਨੀ ਦਾ ਵਿਚੋਲਾ ਕਾਲ ਹੈ ਇਸੇ ਭਾਂਤ ਹੀ ਦੁਪਹਿਰ ਵੇਲੇ ਉਦੇ ਅਸਤ ਦੀ ਸੰਧੀ ਦਾ ਅਵਸਰ ਹੁੰਦਾ ਹੈ ਤਾਂਤੇ ਉਸ ਵੇਲੇ ਦਾ ਅਭਯਾਸ ਭੀ ਅਵਸ਼ ਕਰਕੇ ਹੀ ਉਹੋ ਹੀ ਗੁਣ ਕਰਦਾ ਹੈ ਜੋ ਰਾਤ ਦੇ ਦੋਹਾਂ ਵੇਲਿਆਂ ਦਾ ਅਭਯਾਸ ਕਰਦਾ ਹੈ। ਅਰਥਾਤ ਜੈਸੇ ਉਹ ਅੰਦਰ ਬਾਹਰ ਦੀ ਹਾਲਤ ਦਾ ਵੇਲਾ ਅਭਯਾਸੀ ਦੇ ਚਿਤ ਉਪਰ ਸੁਭਾਵਕ ਹੀ ਇਹ ਅਸਰ ਕਰਦਾ ਹੈ ਕਿ ਸੰਸਾਰ ਵਲੋਂ ਮਨ ਅੰਤਰਮੁਖ ਹੋਕੇ ਅੰਤਰਯਾਮੀ ਘਟ ੨ ਵਿਖੇ ਬਸਨੇ ਹਾਰੇ ਸਤੇ ਮਾਲਕ ਆਤਮਾ ਦੇਵ ਨਾਲ ਮਿਲਨ ਲਈ ਆਂਪਨੇ ਆਪ ਖਿਚੀਂ-ਦਾ ਚਲਿਆ ਜਾਂਦਾ ਹੈ ਐਸੇ ਹੀ ਦੁਪਹਿਰ ਦੇ ਅਭਯਾਸ ਦਾ ਭੀ ਅਸਰ ਸਾਖਿਆਤ ਅਕਾਲ ਪੁਰਖ ਦੇ ਚਰਣਾਂ ਵਿਖੇ ਲਿਵ ਲੀਨ ਕਰਨ ਦਾ ਅਵਸ਼ ਕਰਕੇ ਹੀ ਸਮਝਣਾ ਚਾਹੀਏ ਇਸੇ ਕਰਕੇ ਹੀ ਗੁਰੂ ਮਹਾਰਾਜ ਜੀ ਨੇ ਹਰਿ ਮੰਦਰਾਂ ਵਿਖੇ ਦੁਪਹਿਰ ਦੀ ਚੌਂਕੀ ਦਾ ਨਾਮ ਹੀ ਚਰਣ ਕਮਲ ਦੀ ਚੌਂਕੀ ਰਖਿਆ ਹੋਇਆ ਹੈ ਸੀ।

ਪਰ ਇਕ ਗੱਲ ਯਾਦ ਰਖਨ ਵਾਲੀ ਹੈ ਕਿ ਜੇ ਕਦਾਚਿਤ ਬਾਹਰਲਾ ਸਤਿਸੰਗ ਸਤਿਗੁਰਾਂ ਦਾ ਪ੍ਰਾਪਤ ਆਨ ਹੋਵੇ ਤਾਂ ਸਤਿਸੰਗ ਮਾਤ੍ਰ ਵਿਚ ਹੀ ਇਹ ਨੇਮ ਸਫਲੇ ਹੋ ਜਾਂਦੇ ਹਨ—ਕਯੋਂਕਿ ਇਹ ਉਨ੍ਹਾਂ ਦੀ ਆਪਨੀ ਮੌਜ ਹੈ ਕਿ ਜੋ ਕੰਮ ਤੇ ਜਿਤਨਾ ਚਿਰ ਚਾਹੁਨ ਉਹ ਇਸ ਮਨ ਤੋਂ ਲੈ ਲੈਣ। ਜੇ ਉਨ੍ਹਾਂ ਦੇ ਸਤਿਸੰਗ ਅਗੇ ਨੇਮ ਦੀ ਕੈਦ ਰਖੀਏ ਤਾਂ ਫਰ ਵਾਧੇ ਦੀ ਉਮੇਦ ਕਿਸ ਤਰਾਂ ਹੋ ਸਕਦੀ ਹੈ। ਇਸ ਕਰਕੇ ਜਿਤਨਾ ਅਵਸਰ ਸਤਸੰਗ ਵਿਚ ਆ ਜਾਵੇ ਉਹ ਨਿਤ ਨੇਮ ਵਤ ਹੀ

ਸਫਲਾ ਸਮਝਣਾ ਚਾਹੀਏ। ਹਾਂ ਜੇਕਰ ਸਤਸੰਗ ਹੋ ਚੁਕਨ ਤੋਂ ਸੰਸਾਰੀ ਕਾਰਰਵਾਈ ਵਗੈਰਾ ਵਲੋਂ ਵੇਹਲਾ ਅਵਸਰ ਮਿਲ ਸਕੇ ਤਾਂ ਅਗੇ ਪਿਛੇ ਹੋਕੇ ਭੀ ਆਪਣੇ ਮੂਲ ਦਾ ਨਿਰ-ਬਾਹ ਕਰਲੈਣਾ ਸਰੇਸਟ ਹੀ ਹੈ॥

ਕੋਈ ਸਭੋਗਣੀ ਸੁਭਾਗਾ ਵੇਲਾ ਕਦੀ ੨ ਅਭ੍ਯਾਸ ਵੇਲੇ ਐਸਾ ਭੀ ਆ ਜਾਇਆ ਕਰਦਾ ਹੈ ਜਦ ਕਿ ਮੂਲ ਨਾਲੋਂ ਵਧਕੇ ਇਤਨਾ ਰਸ ਤੇ ਭਜਨ ਦਾ ਆਨੰਦ ਔਂਦਾਹੈ ਕਿ ਚਿਤ ਉਸਨੂੰ ਛਡਨਾ ਨਹੀਂ ਚਾਹੁੰਦਾ ਪਰ ਅਭ੍ਯਾਸੀ ਉਸ ਵੇਲੇ ਆਪਣੇ ਟੀਚੇ ਵੇਲੇ ਦੀ ਕੈਦ ਦੇ ਮਾਰੇ ਉਸ ਅਮੋਲਕ ਸਮੇਦੀ ਬੇਪ੍ਰਵਾਹੀ ਕਰਕੇ ਅਭ੍ਯਾਸ ਛਡਦਿੰਦੇ ਹਨ ਸੋ ਐਸਾ ਕਰਨਾ ਭੀ ਉਚਿਤ ਨਹੀ। ਬਲਕਿ ਜਦ ਕਦੀ ਐਸੀ ਕ੍ਰਿਪਾ ਦਾ ਸਮਾਂ ਆ ਜਾਵੇ ਤਾਂ ਜਦ ਤਕ ਚਿਤ ਅਡੋਲ ਲਗਾ ਰਹਿ ਸਕੇ ਦੋ ਤਿੰਨ ਘੰਟੇ ਯਾ ਵੱਧ ਤਕ ਭੀ ਬਿਸੰਕ ਲਗਾ ਰਹਿਣ ਦੇਣਾ ਚਾਹੀਦਾ ਹੈ। ਸੰਸਾਰੀ ਕੰਮ ਤਾਂ ਕਦੀ ਭੀ ਪੂਰੇ ਹੋਣੇ ਹੀ ਨਹੀ—ਇਹ ਕੁਦਰਤੀ ਨੇਤ ਹੈ ਕਿ ਸੰਸਾਰ ਵਿਚ ਸਦਾ ਘਾਟਾ ਹੀ ਘਾਟਾ ਰਹੇ। ਜੈਸਾ ਕਿ "ਕਿਨਹੀ ਨ ਕੀਏ ਕਾਜ ਮਾਯਾ ਪੂਰੇ" ਇਹ ਵਚਨ ਹੈ ਕਿਓਂਕਿ ਜੇ ਸੰਸਾਰਦੀ ਐਸੀ ਦਸਾ ਕਰਤਾਰ ਨਾਂ ਰਖਦਾ ਤਾਂ ਭਲਾ ਸੰਸਾਰ ਦੇ ਤਿਆਗਨ ਦੀ ਕਦੀ ਕੋਈ ਇਛਾ ਹੀ ਕਦੋਂ ਕਰਦਾ। ਸੋ ਸੰਸਾਰ ਵਿਚ ਦੁਖ ਅਤੇ ਤੋਟਾ ਕੇਵਲ ਜੀਵਾਂ ਦੀ ਮੁਕਤੀ ਲਈ ਹੀ ਭਗਵੰਤ ਨੇ ਉਤਪੰਨ ਕੀਤੇ ਹਨ ਇਸ ਲਈ ਜੇ ਕਦੀ ਅਭ੍ਯਾਸ ਵੇਲੇ ਕਿਸੇ ਕੰਮ ਦੇ ਵਿਗੜਨਦਾ ਭੀ ਫਿਕਰ ਉਠੇ ਤਾ "ਊਣੇ ਕਾਜ ਨ ਹੋਵਤਿ ਪੂਰੇ" ਇਸ ਗੁਰੂ ਵਾਕ ਨੂੰ ਯਾਦ ਕਰਕੇ ਲਗੇ ਹੋਏ ਚਿਤ ਨੂੰ ਉਟਕੌਣਾ ਨਹੀਂ ਚਾਹੀਦਾ॥

ਅਤੇ ਕਈ ਵਾਰਾਂ ਅਭਿਆਸੀ (ਕਮਾਈ) ਵਿਚ ਇਹ ਗਲਤੀ ਕਰਦੇ ਹਨ ਕਿ ਸ੍ਵਾਸ ਨੂੰ ਆਪਨੀ ਹਿੰਮਤ ਨਾਲ ਜ਼ੋਰ ਦੇਕੇ ਖਿੱਚਦੇ ਹਨ ਤੇ ਇਹ ਨਹੀਂ ਜਾਨਦੇ ਕਿ ਸਾਸ ਦਾ ਤਾਂ ਕੰਮ ਹੀ ਆਪਨੇ ਆਪ ਔਨ ਜਾਨ ਦਾ ਹੈ। ਫੇਰ ਜਤਨ ਦੀ ਕੀਹ ਲੋੜ। ਕੇਵਲ ਜਰਾ ਭਰ ਸਹਾਰਾ ਉਤਾਰ ਨ ਚੜ੍ਹੌਨ ਵਿਚ ਜ਼ਰੂਰ ਦੇਨਾ ਪੈਂਦਾ ਹੈ ਕਯੋਂਕਿ ਥੋੜੀ ਚਾਲ ਨਵੇਂ ਸਿਰੇ ਪਲਟਨੀ ਹੁੰਦੀ ਹੈ। ਇਸ ਲਈ ਬੜੇ ਧੀਰਜ ਨਾਲ ਕਾਰਰਵਾਈ ਕਰਨੀ ਚਾਹੀਦੀ ਹੈ। ਨਹੀਂ ਤਾਂ (ਜ਼ੋਰ ਲਾਏ) ਵਿਚ ੨ ਅਭਿਆਸ ਵੇਲੇ ਥੋੜੀ ਸਿਰ ਪੀੜ ਹੋਜਾਇਆ ਕਰਦੀ ਹੈ। ਕਦਾਚਿਤ ਨਵੇਂ ੨ ਕੰਮ ਵਿਚ ਕੁਛ ਖੇਚਲ ਭਾਸੇ ਭੀ ਤਾਂ ਘਾਬਰਨਾ ਜੋਗ ਨਹੀਂ ਪੰਜ ਦਸ ਦਿਨ ਉਪ੍ਰੰਤ ਆਪੇ ਹੀ ਕੰਮ ਠੀਕ ਹੋ ਜਾਂਦਾ ਹੈ ਅਤੇ ਨਿਰਜਤਨ ਹੀ ਕਾਰਰਵਾਈ ਹੋਨ ਲਗ ਪੈਂਦੀ ਹੈ॥

ਬਹੁਤ ਸਾਰੇ ਆਲਸੀ ਚਛਰਖ ਅਧਿਕਾਰੀ ਐਸੇ ਭੀ ਹੁੰਦੇ ਹਨ ਜੋ ਮਹਾਤਮਾਂ ਸਤਿਗੁਰਾਂ ਦੇ ਅਗਾਊ ਖਬਰਦਾਰੀ ਦੇ ਵਚਨਾਂ ਦਾ ਤਾਤਪਰਜ ਤਾਂ ਸਮਝਦੇ ਨਹੀਂ ਹਨ ਕਿ ਕਿਸੇ ੨ ਬਾਤ ਦਾ ਅਗੇਤਰਾ ਹੀ ਡਰ ਦੇਣ ਵਿਚ ਉਨਾਂ ਦਾ ਕੀਹ ਮਤਲਬ ਹੁੰਦਾ ਹੈ-ਕਾਰਰਵਾਈ ਅਰੰਭ ਕਰਨ ਤੋਂ ਬਿਨਾਂ ਐਵੇਂ ਹੀ ਆਖ ਉਠਦੇ ਹਨ ਕਿ ਅਜੀ! ਇਹ ਕਾਰਰਵਾਈ ਤਾਂ ਅਸਾਥੋਂ ਨਹੀਂ ਹੋ ਸਕਦੀ ਕਯੋਂਕਿ ਸਿਰ ਪੀੜਾ ਹੋ ਉਠਦੀ ਹੈ ਤੇ ਅੱਖੀਆਂ ਚਕਰਾ ਜਾਂਦੀਆਂ ਹਨ।ਠੀਕ ਐਸਿਆਂ ਅਧਿਕਾਰੀਆਂ ਦੇ ਪਰਥਾਏ ਹੀ ਗੁਰੂ ਜੀ ਨੇ ਇਹ ਬਾਤ ਆਖੀ ਹੈ ਕਿ "ਪੂਰੇ ਗੁਰ ਕਾ ਹੁਕਮ ਨਾ ਮੰਨੇ ਸੋ ਅਉਖਾ ਜਗ ਮੇਂ ਹੋਇਆ"। ਉਨਾਂ ਮੂਰਖਾਂ ਨੂੰ ਵਿਚਾਰ ਕਰਨਾ

ਚਾਹੀਏ ਕਿ 'ਗੌਂ ਚਬਾਵੇ ਜੋ ਭਾਂਵੇ ਕੱਚੇ ਹੀ ਹੋਨ' ਗੌਂ ਦੇ ਮਾਰੇ ਹੋਏ ਦੇਖੋ ਪਾਂਡੀ ਲੋਕ ਪੈਸੇ ਪੈਸੇ ਦੋ ਦੋ ਪੈਸੇ ਲਈ ਕਿਤਨਾ ੨ ਭਾਰ ਉਪਰ ਚੁਕ ਲੈਂਦੇ ਹਨ ਪਰ ਸਿਰ ਪੀੜ ਨਹੀਂ ਹੁੰਦੀ। ਤਿੰਨ ਯਾ ਚਾਰ ਆਨੇ ਰੋਜ ਦੀ ਨੌਕਰੀ ਉਪਰ ਚੌਕੀ ਦਾਰ ਲੋਕ ਸਾਰੀ ੨ ਰਾਤ ਪਹਿਰੇ ਦਿੰਦੇ ਹਨ ਅਤੇ ਸੂਰਮੇ ਸਿਪਾਹੀ ਲੜਾਈਆਂ ਧਾਵਿਆਂ ਉਪਰ ਬੜੀਪ੍ਰਸੰਨਤਾ ਨਾਲ ਆਪਨੀ ਜਾਨ ਕੁਰਬਾਨ ਕਰਨੋਂ ਪੈਰ ਪਿਛੇ ਨਹੀਂ ਧਰਦੇ ਪਰ ਉਨਾਂ ਨੂੰ ਕਦੀ ਐਸਾ ਕਹਿੰਦੇ ਹੋਏ ਨਹੀਂ ਸੁਨਿਆ ਕਿ ਰਾਤ ਦੇ ਅਨੀਂਦੇ ਨੇ ਹੱਡ ਭੰਨ ਸੁਟੇ ਹਨ-ਅਥਵਾ ਦਿਨ ਰਾਤ ਦੀ ਧਾਵੇ ਦੀ ਕੂਚ ਨੇ ਜਾਨ ਸੁਕਾ ਦਿਤੀ ਹੈ।ਕਜੋ ਨਹੀਂ ਐਸਾ ਕਹਿੰਦੇ ਉਨਾਂ ਨੂੰ ਪੈਸਿਆਂ ਦੀ ਤੇ ਓਹਦੇ ਦਾਰੀਆਂ ਦੀ ਅਸਲ਼ੀ ਗੌਂ ਹੈ ਜਿਸ ਕਰਕੇ ਦੁਖਨੂੰ ਮੰਨਦੇਹੀ ਨਹੀ ਹਨ। ਹੋਰ ਭੀ ਐਸੇ ੨ ਤੁਛ ਲਾਲਚਾਂ ਪਿਛੇ ਆਦਮੀ ਭਾਰੇ ਤੋਂ ਭਾਰੇ ਕਲੇਸ ਖੁਸੀ ੨ ਸਹਾਰਦੇ ਹਨ-ਪਰ ਪਰਮਾਰਥ ਦੇ ਸਚੇ ਲਾਭ ਦੀ ਜੇ ਪੂਰੀ ਪੂਰੀ ਗੌਂ ਹੋਵੇ ਅਰੁ ਸਚੀ ੨ ਸਿਕ ਤੇ ਪ੍ਰੇਮ ਹੋਵੇ ਤਾਂ ਸਿਰ ਪੀੜ ਕਜੋਂ-ਅਤੇ ਅਖੀਆਂ ਦਾ ਚਕਰੌਨਾ ਕਜੋਂ। ਗੁਰੂ ਜੀ ਤਾਂ ਆਖਦੇ ਹਨ ਕਿ "ਅਖੀਂ ਪ੍ਰੇਮ ਕਸਾਈਆਂ ਹਰਿ ੨ ਤਾਰ ਲਗੀਨ।ਜੇਕਰ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ" ਅਰਥ-ਹੇ ਅਧਿਕਾਰੀ ਜਨ! ਅਖੀਆਂ ਓਹੋ ਹੀ ਸਫਲ ਹਨ ਜੋ ਸਚੇ ਪ੍ਰੀਤਮ ਦੇ ਦਰਸ਼ਨ ਦੀ ਤਾਂਘ ਵਿਚ ਪ੍ਰੇਮ ਨਾਲ ਕਸੀਆਂ ਹੋਈਆਂ ਹਰਿਹਰਿਐਸੇ ਹਰਿਪਾਸੇ ਹਰੀ ਪਿਆਰੇਦੀ ਉਡੀਕਦੀ ਤਾਰਹੀਲਾਈਰਖਨ। ਪਰ ਜੇ ਉਹ ਐਸੀਆਂ ਨਹੀਂ ਹਨ ਅਤੇ ਥਿਨਾਂ ਉਸ ਸਚੇ ਮਾਲਕ ਦੇ ਦਰਸਨਾਂ ਦੇ ਹੋਰ ਰੂਪ ਚਰੂਪ ਵਲ ਪਰਚਦੀਆਂ

ਹਨ ਤਾਂ ਉਨਾਂ ਵਿਚੋਂ ਆਂਨੇ ਬਾਹਰ ਕੱਢ ਸੁਟਨੇ ਹੀ ਭਲੇ ਹਨ। ਐਸੇ ਹੀ "ਸੀਸ ਵਢੇ ਕਰਿ ਬੈਸਣ ਦੀਜੈ ਵਿਣੁ ਸਿਰ ਸੇਵ ਕਰੀਜੈ" ਜੇ ਪਿਆਰਾ ਆ ਜਾਵੇ ਤਾਂ ਸਿਰ ਵੱਢ ਕੇ ਭੀ ਉਸਦੇ ਚਰਣਾਂ ਹੇਠ ਬੈਠਨ ਲਈ (ਚੌਂਕੀ ਦੇ ਥਾਂ) ਦੇ ਦੇਵੇ ਅਤੇ ਸਿਰ ਤੋਂ ਬਿਨਾਂ ਭੀ ਉਸਦੀ ਸੇਵਾ ਦਾ ਅੰਗ ਨਿਰਬਾਹੋ। ਤਾਂਤੇ ਜਾਨਨਾ ਚਾਹੀਏ ਕਿ ਜੋ ਸਿਰ ਪੀੜ ਹੁੰਦਾ ਹੈ ਯਾ ਅਖੀਆਂ ਚਕੂੰਦੀਆਂ ਹਨ ਯਾ ਤਾਂ ਪ੍ਰੇਮਦੀ ਸਚੀ ਸਿੱਕਦੇ ਤੋਟੇ ਦਾ ਫਲ ਹੈ ਅਥਵਾ "ਬੁਰੇ ਕਾਮ ਕਉ ਊਠਿ ਖਲੋਇਆ। ਨਾਮੁ ਕੀ ਬੇਲਾ ਪੈ ੨ ਸੋਇਆ" ਐਸੇ ਦੁਰਾਚਾਰੀ ਮਨ ਦਾ ਧੋਖਾਹੈ।ਇਸ ਕਾਰਣ ਜੇ ਕਦਾਚਿਤ ਇਸ ਭਾਂਤ ਸਿਰ ਪੀੜਾ ਆਦ ਦਾ ਧੋਖਾ ਮਨ ਦੇਵੇ ਤਾਂ ਕਈ ਪ੍ਰਵਾਹ ਨਹੀਂ ਕਰਨੀ ਚਾਹੀਦੀ। ਬਲਕਿ ਐਸਾ ਸਮਝਨਾ ਚਾਹੀਏ ਕਿ "ਸਰਬ ਰੋਗ ਕੋ ਅਉਖਦ ਨਾਮ" ਨਾਮ ਤਾਂ ਜਨਮ ਮਰਣ ਦੇ ਦੁਖ ਸਮੇਤ ਸਰਬੱਤ ਸਰੀਰਕ ਮਾਨਸਿਕ ਅਤੇ ਉਪਾਧਿਕ ਰੋਗਾਂ ਦੇ ਦੂਰ ਕਰਨ ਵਾਲਾ ਹੈ। ਉਹ ਸਿਰ ਪੀੜਾ ਆਦਿਕ ਕਲੇਸ਼ ਕੇਸੇ ਦੇ ਸਕਦਾ ਹੈ। ਐਸੀ ਕਲੇਸ ਆਦ ਦੀ ਕਲਪਨਾ ਕੇਵਲ ਅਗਜਾਨਤਾਈ ਹੀ ਹੈ॥

ਭਲਾ ਜੇ ਸਭੋ ਕੁਛ ਹੀ ਮੰਨ ਭੀ ਲਿਆ ਜਾਵੇ ਕਿ ਠੀਕ ਪੀੜਾ ਆਦਿਕ ਹੁੰਦੇ ਹੀ ਹਨ ਤਾਂ ਜੈਸੇ ਪੁਤ੍ਰ ਦੀ ਲਾਲਸਾ ਵੰਦ ਇਸਤ੍ਰੀਆਂ ਪੁਤ੍ਰ ਦੀ ਕਾਮਨਾਂ ਕਰਕੇ ਗਰਭ ਆਦਿਕਾਂ ਦੇ ਮਹਾਂ ਅਸਹਿ ਦੁਖਾਂ ਨੂੰ ਪ੍ਰਸੰਨਤਾ ਨਾਲ ਭੋਗਕੇ ਅੰਤ ਨੂੰ (ਉਨਾਂ ਦੁਖਾਂ ਦੇ) ਅਪਨੇ ਮਨੋਰਥ ਦੀ ਸਿਧੀ ਰੂਪ ਸੁਖ ਫਲ ਨੂੰ ਪ੍ਰਾਪਤ ਹੁੰਦੀਆਂ ਹਨ ਇਸੇ ਭਾਂਤ ਗੁਰੂ ਸਿਖੀ ਦਾ ਦਮ ਭਰਦੇ ਹੋਏ ਜਗਿਆਸੀਆਂ ਨੂੰ ਭੀ "ਜੋਬਨ ਜਾਂਦੇ ਨਾ

ਤਰਾਂ ਜੇ ਸਹੁ ਪ੍ਰੀਤਿ ਨ ਜਾਇ। ਕਿਤੀ ਜੋਬਨ ਪ੍ਰੀਤਿ ਬਿਨ ਸੁਕ ਗਏ ਕੁਮਲਾਇ" ਇਸ ਵਾਕ ਨੂੰ ਸਿਮਰਣ ਕਰਕੇ ਉਸ ਸਚੇ ਮਾਲਕ ਦੇ ਪ੍ਰੇਮ ਪਿੱਛੇ ਸਰੀਰ ਵੱਲ ਕਿੰਚਿਤ ਭਰ ਭੀ ਧਿਆਨ ਨਹੀਂ ਦੇਣਾ ਚਾਹੀਏ॥

ਅਰੁ ਇਸੇ ਤਰਾਂ ਕਦਾਚਿਤ ਅਭਿਆਸ ਦੇ ਨੇਜਮ ਤੋਂ ਵਿਰੁਧ ਕਿਸੇ ਉਲਟੀ ਕਾਰਰਵਾਈ ਦੇ ਹੋ ਜਾਨ ਕਾਰਨੇ ਜੇ ਅਭਿਆਸ ਵਿਖੇ ਕਿਸੇ ਦੁਖ ਦਾ ਠੀਕ ਹੀ ਟਾਕਰਾ ਆਨ ਭੀ ਹੋਵੇ ਤਾਂ ਮਨ ਨੂੰ ਸਿਖਯਾ ਦੇਨੀ ਚਾਂਹੀਦੀ ਹੈ ਨਾਂ ਕਿ ਉਲਟਾ ਘਾਬਰ ਉਠਨਾ–ਸੋ ਐਸੇ ਸਮੇਂ ਦੀ ਸਿਖਯਾ ਦਾ ਪ੍ਰਕਾਰ ਇਹ ਹੈ:—

ਕਿ ਹੇ ਪਿਆਰੇ ਮਨ! ਯਾਦ ਤਾਂ ਕਰ ਕਿ ਅਗੇ ਕਦੀ ਅਭਿਆਸ ਤੋਂ ਬਿਨਾਂ ਐਸੇ ਸਿਰ ਪੀੜ੍ਹਾ ਆਦ ਕਸ਼ਟ ਕੋਈ ਸਰੀਰ ਵਿਚ ਬਿਆਪੇ ਹਨ ਕਿ ਨਹੀ,–'ਕਹੁ ਰੇ ਮਨ ਕੌਨ ਸੁਖੀ ਜਗ ਮੇਂ ਦੇਹ ਧਾਰਕੇ ਜੋ ਦੁਖ ਪਾਵਤੁ ਨਾਹੀ'–ਹੇ ਮਨ! ਦੱਸ ਤਾਂ ਸਹੀ ਐਸਾ ਕੌਨ ਛੋਟੇ ਤੋਂ ਛੋਟਾ ਅਰੁ ਵਡੇ ਤੋਂ ਵਡਾ ਪੁਰਖ ਸੰਸਾਰ ਵਿਖੇ ਹੈ ਜਿਸਨੇ ਕਿ ਦੇਹ ਧਾਰੀ ਹੋਕੇ ਫੇਰ ਸਭਨਾਂ ਨਾਲ ਜਗਤ ਵਿਖੇ ਸੁਖ ਪਾਇਆ ਹੋਵੇ। ਕਿੰਤੂ ਕੋਈ ਐਸਾ ਹੋਯਾ ਹੀ ਨਹੀ ਕਯੋਂਕਿ "ਦੇਹ ਦੁਖ ਕੀ ਖਾਣਿ ਹੈ ਗ੍ਰਹਸਥ ਸੋਗ ਕੀ ਖਾਨ। ਐਸੇ ਖਾਨ ਸੰਸਾਰ ਯਿਹ ਭਜਨ ਏਕ ਸੁਖ ਖਾਨ॥" ਇਸ ਦੇਹ ਵਿਖੇ ਰੋਮ ੨ ਹੀ ਦੁੱਖਾਂ ਨਾਲ ਪਰੋਤਾ ਹੋਇਆ ਹੈ। ਕਟੰਬ ਪਰਵਾਰ ਵਿਚ ਬੈਠਿਆਂ ਨੂੰ ਅਵਸ਼ ਹੀ ਦੁਖਾਂ ਅੰਦੇਸਿਆਂ ਅਤੇ ਸੋਗਾਂ ਦੇ ਸਾਮਾਨ ਦੇ ਟਾਕਰੇ ਹੁੰਦੇ ਹੀ ਰਹਿੰਦੇ ਹਨ ਮਤਲਬ ਕੀਹ ਕਿ ਸੰਸਾਰ ਵਿਖੇ ਸਭ ਜੀਵ ਜੰਤੂਆਂ ਨੂੰ ਹੀ ਕੋਈ ਨਾਂ ਕੋਈ

ਸੈਸਾ ਅਖਾਂ ਸਾਹਮਣੇ ਨਿਤ ਨਵਾਂ ਖੜਾ ਦਾ ਖੜਾ ਹੀ ਰਹਿੰਦਾ ਹੈ। ਇਨਾਂ ਸਭ ਦੁਖਾਂ-ਸੋਗਾਂ ਅਤੇ ਸੈਸਿਆਂ ਦੇ ਸਾਧਨ ਸਾਮਣੇ ਹੁੰਦਿਆਂ ਹੋਇਆਂ ਭੀ ਇਨਾਂ ਦੀ ਨਿਵਿਰਤੀ ਦਾ ਉਪਾਵ ਤਾਂ ਕੇਵਲ ਇਕ ਅਕਾਲ ਪੁਰਖ ਦਾ ਭਜਨ ਹੀ ਹੈ ਜੋ ਸੁਖਾਂ ਦੀ ਖਾਨ ਤੇਪਰਮ ਧਾਮ ਵਿਖੇ ਨਿਵਾਸ ਦਾ ਕਾਰਣ ਹੈ। ਤਿਸ ਕਰਕੇ ਹੇ ਮਨ ਤੂੰ ਦੁਖ ਦੇ ਨਿਵਾਰਣ ਵਾਸਤੇ ਭਜਨ ਹੀ ਕਰ ॥

ਕੋਈ ਦੁੱਖ ਐਸਾ ਹੈ ਹੀ ਨਹੀ ਜੋ ਬੇਸਮਝੀ ਦਾ ਫਲ ਨਾਂ ਹੋਵੇ। ਸੰਸਾਰ ਭਰ ਵਿਚ ਤਿੰਨ ਭਾਂਤ ਦੇ ਦੁਖ ਹੀ ਲੋਕਾਂ ਨੂੰ ਬਿਆਪਦੇ ਹਨ ਜਿਨਾਂ ਦੇ ਨਾਮ ਆਗੰਤੁਕ, ਦੋਖਜ ਅਤੇ ਕਰਮਜ ਹਨ। ਆਗੰਤੁਕ ਰੋਗ ਇਹ ਹੁੰਦੇ ਹਨ:- ਕਿ ਕਿਸੇ ਨੂੰ ਚੋਟ ਲਗ ਗਈ ਤਾਂ ਤਪ ਚੜ੍ਹ ਗਿਆ, ਭਾਰ ਬਹੁਤ ਚੁਕ ਲਿਆ ਦੁਖੀ ਹੋ ਗਿਆ, ਕਿਸੇ ਨਾਲ ਲੜਾਈ ਹੋ ਪਈ ਉਸ-ਦੀਆਂ ਬੱਦ ਅਸੀਸਾਂ ਮੰਨ ਕੇ ਦੁਖੀ ਹੋ ਗਿਆ। ਐਵੇਂ ਹੀ ਕੋਈ ਭਰਮ ਕਰ ਲਿਆ ਕਿ ਅਮਕਾ ਕਾਰਣ ਹੋਗਿਆ ਹੈ ਬਸ ਹੁਣ ਮੈਂ ਇਸ ਦਾ ਫਲ ਬੜਾ ਭਾਰਾ ਕਲੇਸ ਹੀ ਭੋਗਾਂ ਗਾ; ਸੋ ਐਸੇ ੨ ਉਪਰਾਂਉਂ ਨਮਿੱਤਾਂ ਕਰਕੇ ਅਚਨਚੇਤ ਹੋ ਜਾਣ ਵਾਲੇ ਦੁੱਖ ਦਾ ਨਾਮ ਆਗੰਤੁਕ ਦੁਖ ਹੁੰਦਾ ਹੈ ਜਿਸਦਾ ਕਾਰਣ ਪਰਮਾਦ ਬਿਨਾਂ ਹੋਰ ਕੁਝ ਨਹੀਂ ਹੁੰਦਾ। ਸੋ ਪਰਮਾਦ ਹੀ ਬੇਸਮਝੀ ਦਾ ਨਾਮ ਹੈ। ਤਾਂਤੇ ਬੇਸਮਝੀ ਤੋਂ ਹੀ ਆਗੰਤੁਕ ਦੁਖ ਹੁੰਦੇ ਹਨ। ਦੋਖਜ ਦੁਖ ਓਹ ਹੁੰਦੇ ਹਨ ਜੋ ਬਾਦੀ ਬਲ ਗਮ ਅਤੇ ਗਰਮੀ ਦੇ ਤੱਤਾਂ ਦੇ ਵਿਗੜ ਖੜੋਨ ਤੋਂ ਹੁੰਦੇ ਹਨ-ਸੋ ਇਹ ਤੱਤ ਅਰਥਾਤ ਖਲੱਤਾਂ ਸਰੀਰ ਵਿਚ ਜ਼ਰੂਰ ਹੀ ਬੇਸਮਝੀ ਦੇ ਕਾਰਣ ਵਿਗੜਦੀਆਂ ਹਨ, ਬਹੁਤ ਖਾ ਲਿਆ-

ਘੱਟਾ ਖਾ ਲਿਆ, ਯਾ ਜੋ ਚੀਜ ਆਪ ਨੂੰ ਸੁਖੌਂਦੀ ਨਾਂ ਹੋਏ ਓਹ ਖਾ ਲਈ-ਮਿਰਚ ਬਹੁਤ ਖਾ ਲਈ; ਮੂਲਕੀਹ ਐਸੀਆਂ ੨ ਬਦ ਪ੍ਰਹੇਜ਼ੀਆਂ ਦੇ ਕਾਰਣ ਅੰਦਰ ਖਿਲਤਾਂ ਵਿਗੜ ਖੜੌਂ-ਦੀਆਂ ਹਨ ਜਿਸ ਕਰਕੇ ਰੋਗ ਉਪਜ ਔਂਦੇ ਹਨ ਸੋ ਐਸੇ ਵੈਸੇ ਅੱਲ਼ ਪੱਲ਼ ਖਾ ਲੈਣੇ ਭੀ ਬਿਨਾਂ ਪਰਮਾਦ ਦੇ ਨਹੀਂ ਹੋ ਸਕਦੇ ਇਸ ਵਾਸਤੇ ਇਹ ਦੂਜੀ ਭਾਂਤ ਦੇ ਦੁਖ ਭੀ ਬਸਮਝੀ ਦਾ ਹੀ ਫਲ ਹੁੰਦੇ ਹਨ। ਐਸੇ ਹੀ ਤੀਜੀ ਭਾਂਤ ਦੇ ਜੋ ਕਰਮਜ਼ ਦੁਖ ਹੁੰਦੇ ਹਨ ਅਰਥਾਤ ਏਥੇ ਤਾਂ ਜੀਵ ਸਦੀਵ ਕਾਲ ਸੰਜਮ ਵਿਚ ਹੀ ਵਰਤਦਾ ਹੈ ਪਰ ਫੇਰ ਭੀ ਦੁਖ ਤੇ ਦੁਖ ਹੀ ਸਰੀਰ ਆਦਿ ਵਿਖੇ ਹੁੰਦੇ ਹਨ ਤਾਂ ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਦੁਖ ਪਿਛਲਿਆਂ ਕਰਮਾਂ ਦਾ ਫਲ਼ ਹੈ ਸੋ ਜ਼ਰੂਰ ਹੀ ਉਸ ਦੇ ਕੋਈ ਪਿਛਲੇ ਕਰਮ ਕੀਤੇ ਹੁਏ ਹਨ ਜੋ ਅਜੋਗ ਸਨ-ਅਰ ਅਜੋਗ ਕਰਮ ਵਿਚ ਬਿਨਾਂ ਪਰਮਾਦ ਦੇ ਆਦਮੀ ਕਦੀ ਨਹੀ ਵਰਤ ਸਕਦਾ ਤਾਂਤੇ ਕਰਮਜ ਦੁਖਾਂ ਵਿਚ ਪਿਛਲ਼ੇ ਜਨਮ ਦਾ ਪਰਮਾਦ ਅਰਥਾਤ ਬੇਸਮਝੀ ਹੀ ਮੰਨਣਾਂ ਪਊ। ਸੋ ਐਸੀ ਬੇਸਮਝੀ ਵਿਚ ਵਰਤਨਾ ਪਾਪ ਹੈ ਕਿਉਂਕਿ "ਮਿਤ ਖਾਜੈ ਮਿਤ ਪੈਝੈ ਹਰਿ ਨਿਤ ਕੀ ਪੈਜ ਰਖਾਈਐ" ਸਦੀਵ ਕਾਲ ਮਿਰਜਾਦਾ ਦਾ ਹੀ ਖਾਨਾ-ਮਿਰਜਾਦਾ ਦਾ ਹੀ ਪੈਨਣਾ ਅਤੇ ਹਰ ਤਰਾਂ ਨਾਲ ਮਿਰਜਾਦਾ ਦੀ ਹੀ ਪਤ ਅਬਰੋ ਨਾਲ ਕਾਰ ਵਿਹਾਰ ਵਿਚ ਵਰਤਨਾ ਗੁਰਮਤ ਅਤੇ ਸੰਪੂਰਣ ਮਤਾਂ ਦਾ ਸਿਧਾਂਤ ਹੈ ਅਰ ਐਸੀ ਹੀ ਸਰਬਤ੍ਰ ਆਗਜ਼ਾ ਹੈ ਤਾਂਤੇ ਜੋ ਗੁਰੂਆਂ ਆਚਾਰਜਾਂ ਦੀ ਆਗਜ਼ਾਂ ਵਿਚ ਨਾਂ ਵਰਤ ਕੇ ਉਲੰਘ ਕੇ ਵਰਤਦਾ ਹੈ ਉਹ ਸਾਖ੍ਯਾਤ ਪਾਪ ਹੀ ਕਰਦਾ ਹੈ ਇਸ ਕਾਰਣ ਬੇਸਮਝੀ ਦੀ ਵਰਤਨ ਪਾਪ ਹੈ।

ਅਤੇ ਪਾਪ ਦਾ ਫਲ ਦੁੱਖ ਹੁੰਦਾ ਹੈ ਇਸ ਵਾਸਤੇ "ਭਰੀਐ ਮਤਿ ਪਾਪਾਂ ਕੈ ਸੰਗਿ। ਉਹ ਧੋਪੈ ਨਾਂਵੈ ਕੈ ਰੰਗਿ" ਉਹ ਪਾਪ ਨਾਮ ਨਾਲ ਪ੍ਰੀਤ ਕਰਨ ਕਰਕੇ ਦੂਰ ਹੁੰਦਾ ਹੈ। ਕਿਉਂਕਿ ਜਦ ਅੱਗ ਹੀ ਬੁਝ ਗਈ ਤਾਂ ਅੱਗ ਦਾ ਸੇਕ (ਦੁੱਖ) ਆਪੇ ਹੀ ਨਿਵਿਰਤ ਹੋ ਜਾਂਦਾ ਹੈ।

ਮਤਲਬ ਕੀਹ ਕਿ ਦੁੱਖ ਪਾਪਾਂ ਦਾ ਫਲ ਹੁੰਦੇ ਹਨ ਤੇ ਜਿਤਨਾ ੨ ਭਜਨ ਕੀਤਿਆਂ ਪਾਪ ਟਲਦੇ ਹਨ ਉਤਨੇ ੨ ਹੀ ਦੁੱਖ ਭੀ ਆਪਣੇ ਆਪ ਹੀ ਮਿਟਦੇ ਜਾਂਦੇ ਹਨ। ਇਸ ਲਈ ਭੁਲਕੇ ਭੀ ਕਦੀ ਐਸਾ ਖਿਆਲ ਮਨ ਵਿਚ ਨਹੀਂ ਲਿਔਣਾ ਚਾਹੀਦਾ ਕਿ ਅਭਿਆਸ ਕਰਕੇ ਤਕਲੀਫ ਹੁੰਦੀ ਹੈ।

ਐਸੇ ਖਿਆਲ ਕਰਨ ਕਰਕੇ ਇਕ ਤਾਂ ਤਕਲੀਫ ਭੀ ਨਹੀਂ ਹਟਦੀ ਤੇ ਦੂਜੇ ਭਜਨ ਉਪਰ ਪੂਰੀ ੨ ਸਰਧਾ ਨਾਂ ਹੋਣ ਕਰਕੇ ਉਹ ਆਪਣਾ ਫਲ ਭੀ ਪੂਰਾ ੨ ਪਰਗਟ ਨਹੀਂ ਕਰ ਸਕਦਾ। ਕਯੋਂਕਿ—

"ਜਗ ਦਾਨ ਜਪ ਔਰ ਤਪ ਸਰਧਾ ਬਿਨ ਸਭ ਕਾਮ।
ਈਹਾਂ ਊਹਾਂ ਫਲੈ ਨਹਿ ਭਾਖਯੋ ਸ੍ਰੀ ਭਗਵਾਨ' ॥

ਇਹ ਗਲ ਗੀਤਾ ਵਿਚ ਭਗਵਾਨ ਨੇ ਆਪ ਆਖੀ ਹੋਈ ਹੈ ਕਿ ਸਰਧਾ ਤੋਂ ਬਿਨਾਂ ਲੋਕ ਪਰਲੋਕ ਵਿਚ ਕੋਈ ਕਰਮ ਨਹੀਂ ਫਲਦਾ। ਪਰ ਜੇ ਸਰਧਾ ਪੂਰੀ ੨ ਹੋਵੇ ਤਾਂ ਭਾਵੇਂ ਭਜਨ ਅਭਿਆਸ ਦੀ ਕਾਰਰਵਾਈ ਜਿੰਨੀ ਕੀ ਤਜੋ ਨਾਂ ਭੀ (ਕਿਸੇ ਕਾਰਣ ਕਰਕੇ) ਦਨਮਕੇ ਤਦ ਭੀ ਸਰਧਾ-ਉਸ ਕਰਣੀ ਨੂੰ ਕੋਈ ਵਿਘਨ ਨਹੀ ਵਿਆਪਨ ਦਿਆ ਕਰਦੀ। ਤਾਂਤੇ "ਜੋ ਗੁਰ ਦਸੇ ਵਾਟ ਮੁਰੀਦਾ ਜੋਲੀਐ" ਜੋ ੨ ਰਹੁ ਰੀਤੀ ਪਰਮਾਰਥ ਵਿਖੇ ਤੁਰਨ ਦੀ ਪੂਰਾ ਗੁਰੂ ਉਪਦੇਸ ਕਰੇ, ਗੁਰੂ

ਸਾਹਬ ਦੀ "ਜੋਗੁਰਦਸੈਵਾਟਮੁਰੀਦਾ ਜੋਲੀਐ" ਇਸਆਗਯਾ ਅਨੁਸਾਰ ਮੁਰੀਦ ਨੂੰ ਉਸਪਰ ਚਲਨਾ ਹੀ ਪਰਵਾਣ ਹੈ।

ਅਰੁ ਚਲੱਨਾ ਭੀ ਐਤੇ ਉਤਸਾਹ ਨਾਲ ਚਾਹੀਦਾ ਹੈ ਕਿ "ਤਨ ਮਨ ਕਾਟਿ ੨ ਸਭ ਅਰਪੀ ਵਿਚ ਅਗਨੀ ਆਪ ਜਲਾਈ ਜੀਉ। ਦਰਸਨ ਹਰਿ ਦੇਖਨਿ ਕੈ ਤਾਈ" ਭਾਂਵੇ ਸਰਬੰਸ ਭੀ ਜਾਵੇ ਭਾਂਵੇ ਦੁਖਾਂ ਦੀ ਅਗਨੀ ਵਿਚ ਹੀ ਪੈਨਾ ਪਵੇ ਪਰ ਬਿਨਾਂ ਵਾਹਗੁਰੂ ਦ ਭਜਨ ਸਿਮਰਣ ਦੇ ਦਮ ਨਾਂ ਐਂਵੇ ਜਾਨਾ ਪਾਵੇ। ਕਯੋਂਕਿ "ਜੋ ਦਮ ਚਿਤਿ ਨ ਆਵਈ ਸੋ ਦਮ ਬਿਰਥਾ ਜਾਇ"। "ਟੁਕ ਦਮ ਕਰਾਰੀ ਜਉ ਕਰੋ ਹਾਜ਼ਰ ਹਜ਼ੂਰ ਖੁਦਾਇ"। ਜਰਾ ਭਰ ਕਸੋਟ ਵੱਟਕ ਹੀ ਲਗਨ ਦੀ ਲੜ ਹੈ ਬਸ ਅਕਾਲਪੁਰਖ ਤਾਂ ਹਾਜਰਾ ਹਜ਼ੂਰ ਹੈ, ਦਰਸਨ ਹੁੰਦੇ ਫੇਰ ਚਿਰ ਨਹੀ ਲਗਦਾ। "ਹੋਇ ਹਲਾਲੁ ਲਗੈ ਹਕ ਜਾਇ। ਤਉ ਨਾਨਕ ਦਰਿ ਦੀ ਦਰਿ ਜਾਇ ਸਮਾਇ"। ਜੋ ਕੋਈ ਭੀ ਪੂਰੀ ੨ ਧੀਰਜ ਨਾਲ ਲੱਕ ਬੰਨ-ਕੇ ਜਿਸ ਕਿਸੇ ਕਾਰ ਰਵਾਈ ਨੂੰ ਹਥ ਪੌਂਦਾ ਹੈ ਉਸ ਅਗੇ ਕੋਈ ਭੀ ਐਸੀ ਔਕੀ ਘਾਟੀ ਨਹੀ ਠਹਿਰ ਸਕਦੀ-ਜਿਸਨੂੰ ਕਿ ਉਹ ਸੁਖੈਨ ਹੀ ਨਾਂ ਲੰਘ ਸਕਦਾ ਹੋਵੇ। ਅਰਥਾਤ 'ਨਹਿ ੧ਬਿਲਾਖ ਤਨ ਰਾਖਨੰ-ਦ੍ਰਿੜ ਨਿਸਚੇ ਬੁਧਿਵਾਨ। ਜੋ ੨ਕਰੈ ਅਰੰਭ ਤਿਹ ਹੋਵੈ ੨ਸੁਕਰ ਮਹਾਂਨ' ਅਰਥ ਇਹ ਹੈ ਕਿ ਜਿਸ ਨੂੰ ਆਪਨੇ ਸਰੀਰ ਤਕ ਦੇ ਭੀ ਰਖਨ ਦੀ ਪਰਵਾਹ ਨਹੀਂ ਹੁੰਦੀ ਅਤੇ ਜਿਹੜਾ ਆਪਨੇ ਨਿਸਚੇ ਤੋਂ ਕਦਾ ਕਦੇਤ ਭੀ ਨਾਂ ਫਿਰਨ ਵਾਲਾ ਹੋਵੇ-ਤੇ ਸਭ ਚਰਾਂ ਨਾਲ ਝੂਠ ਸਚ-ਭਲੇ ਬੁਰੇ ਦੀ ਪਰਖ ਕਰਕੇ ਕਾਰਜ ਵਿਚ ਵਰਤਨ ਵਾਲਾ

---

੧ ਚਾਹਨਾ ੨ ਆਸਾਨ

ਹੋਵੇ ਐਸਾ ਆਦਮੀ ਭਾਵੇਂ ਕੈਸੇ ਭੀ ਔਖੇ ਤੋਂ ਔਖੇ ਕੰਮ ਨੂੰ ਹੱਥ ਪਾ ਲਵੇ ਉਸ ਅਗੇ "ਸਭੇ ਕਾਜ ਸੁਹੇਲੜੇ ਥੀਏ" ਸਾਰੇ ਕੰਮ ਹੀ ਸੁਖਾਲੇ ਹੋ ਜਾਂਦੇ ਹਨ। ਪਰ ਇਹ ਕਸਉਟੀ ਹਰ ਕੋਈ ਨਹੀਂ ਸਹਿ ਸਕਦਾ॥

"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ।
ਰਾਮ ਕਸਉਟੀ ਸੋ ਸਹੈ ਜੋ ਮਰ ਜੀਵਾ ਹੋਇ"

ਕਬੀਰ ਸਾਹਬ ਨੇ ਕੈਸਾ ਉਤਮ ਬਚਨ ਐਸੇ ਵੇਲੇ ਉਪਰ ਉਚਾਰਨ ਕੀਤਾ ਹੈ। ਅਭਿਆਸ ਆਦ ਕਾਰਰਵਾਈ ਵਿਖੇ ਲਗਿਆਂ ਯਾ ਲਗਨ ਲਗਿਆਂ ਜਦ ਤਕ ਅਧਿਕਾਰੀ ਦੀ ਬਾਬਤ ਪੂਰਾ ੨ ਨਿਸਚਾ ਨਾਂ ਹੋਜਾਵੇ ਕਿ ਇਹ ਠੀਕ ਸਚਾ ਪ੍ਰੇਮੀ ਹੈ-ਤੇ ਸਚੀ ਸਿਕ ਵਾਹਗੁਰੂ ਦੀ ਪ੍ਰਾਪਤੀ ਦੀ ਇਸਨੂੰ ਹੈ ਤਦ ਤਕ (ਤੁਲੇ ਤੁਲਾਏ ਅਧਿਕਾਰੀ ਬਿਨਾਂ ਭਗਵੰਤ ਦੀ ਪ੍ਰੇਰਣਾ ਨਾਲ ਅਨੇਕ ਭਾਂਤ ਦੇ ਵਿਘਨ ਜਗਯਾਸੂ ਦੀ ਪਰਮਾਰਥੀ ਕਾਰਰਵਾਂਈ ਵਿਚ ਪੈਂਦੇ ਰਹਿੰਦੇ ਹਨ-ਕਦੀ ਤਾਂ ਐਸਾ ਹੁੰਦਾ ਹੈ ਕਿ ਚਾਰੋਂ ਪਾਸੇ ਲੋਕਾਂ ਵਿਚ ਨਿੰਦਾ ਹੀ ਨਿੰਦਾ ਤੇ ਤਾਅਨੇ ਮੇਹਨਿਆਂ ਦੀ ਬੁਛਾੜ ਪੈਨ ਲਗ ਜਾਂਦੀ ਹੈ ਅਤੇ ਜਿਤਨੇ ਘਰ ਬਾਹਰ ਦੇ ਹਿਤੂ ਸਨਬੰਧੀ ਹੁੰਦੇ ਹਨ ਸਭ ਹੀ ਦੁਰ ੨ ਫਿੱਟ ੨ ਕਰਨ ਲਗ ਪੈਂਦੇ ਹਨ-ਬਲਕਿ ਕਈਵਾਰ ਮਾਰਾਂ ਪਿੱਟਾਂ ਤਕ ਭੀ ਨੌਬਤ ਆਨ ਪੁਜਦੀ ਹੈ ਇਹ ਵਿਘਨ ਬਹੁਤ ਕਰਕੇ ਪਹਿਲ ਪਹਿਲੇ ਹੀ ਹੋਇਆ ਕਰਦੇ ਹਨ-ਇਨ੍ਹਾਂ ਦੁਖਾਂ ਦਾ ਨਾਮ ਅਧਿਭੂਤਕ ਹੁੰਦਾ ਹੈ ਅਰਥਾਤ ਜੋ ਦੂਜੇ ਲੋਕਾਂ ਵਲੋਂ ਦੁਖ ਮਿਲੇ। ਸੋਜਿਹੜਾ ਕੋਈ ਸੱਚਾ ਅਧਿਕਾਰੀ-"ਮਨ ਮੁਖ ਆਪ ਸੁਆਰਥੀ ਕਾਰਜ ਨ ਸਕਹਿ ਸੁਆਰ। ਨਾਨਕ ਪੂਰਬ ਲਿਖਿਆ ਕਮਾਵਣਾ ਕੋਇ

ਨ ਮੇਟਨ ਹਾਰ।" "ਦੁਖ ਮਾਰਨ ਦੁਸ਼ਟ ਕੁਪਤੇ ਰਾਮ" ਐਸਾ ਸਮਝਕੇ ਅਡੋਲ ਰਹਿੰਦਾ ਹੈ ਉਸ ਤੋਂ ਫੇਰ ਭਗਵੰਤ ਦੀ ਪ੍ਰੇਰਣਾ ਨਾਲ ਜਿਸਤਰਾਂ ਇਹ ਦੁਖ ਆਏ ਸਨ ਆਪਨੇ ਆਪ ਹੀ ਫੇਰ ਉਸਦੇ ਹੁਕਮ ਨਾਲ ਦੂਰ ਹੋਜਾਂਦੇ ਹਨ। ਅਤੇ ਓਹੋ ਲੋਕ ਅਰ ਸਨਬੰਧੀ ਵਾਹ ੨ ਧੰਨ ੨ ਕਰਨ ਲਗ ਪੈਂਦੇ ਹਨ। ਅਤੁ ਐਸਿਆਂ ਬਚਨਾਂ ਨੂੰ ਉਚਾਰ ਦੇ ਹਨ ਕਿ "ਜਿਹ ਨਰ ਰਾਮ ਭਗਤਿ ਨਹਿ ਸਾਧੀ। ਜਨਮਤ ਕਸ ਨ ਮੂਓ ਅਪਰਾਧੀ" "ਸੋ ਜੀਵਤਿ ਜਿਨਿ ਜੀਵਤਿ ਜਪਿਆ" ਸ਼ਾਬਾਸ਼ੇ ਭਾਈ ਜਿਸਨੇ ਮਨੁਖ ਜਨਮ ਪਾਕੇ ਰਾਮ ਦੀ ਭਗਤਿ ਨਹੀ ਕਮਾਈ ਉਸ ਪਾਪੀ ਦਾ ਜੰਮਦੇ ਸਾਰ ਹੀ ਮਰਣਾਂ ਭਲਾ ਹੈ। ਉਨ੍ਹਾਂ ਦਾ ਜੀਉਣਾ ਹੀ ਸਫਲ ਹੈ ਜਿਨਾਂ ਨੇ ਜੀਉਂਦੇ ਜੀ ਹੀ ਪਰਮਾਤਮਾ ਦਾ ਭਜਨ ਕੀਤਾ ਹੈ। ਏਸਨੇ ਤਾਂ ਕੁਲ ਸੁਆਰ ਦਿਤੀ ਹੈ-ਏਸਨੇ ਜਨਮ ਸੁਆਰ ਲਿਆ ਹੈ- ਕੀਹ ਲਿਆ ਹੈ ਸੰਸਾਰ ਵਿਚ। ਜੇ ਗ੍ਰਹਸਥ ਵਲ ਜਾਈਏ ਤਾਂ "ਗ੍ਰਹਸਥ ਉਦਾਸਿ ਇਤਿ ਵਿਕਾਰ" ਮਾਰ ਕਿਤੇ ਉਦਾਸੀਆਂ ਨਾਲ ਹਵਾਈਆਂ ਉਡ ਰਹੀਆਂ ਹਨ, ਕਿਤੇ ਦਿੰਡਾ ਸੋਗ ਫੇਰੇ ਲਾਈ ਬੈਠਾ ਹੈ ਅਤੇ ਕਿਤੇ ਫਿਰੇਵਾਂ ਚੜ੍ਹਿਆ ਹੋਇਆ ਹੈ ਕਿ ਦਸਹੋਰ ਕੋਈ ਸੰਸਾਰ ਵਿਚ ਆਦਮੀ ਹੈ ਹੀ ਨਹੀਂ-ਸਭ ਕੀੜੀਆਂ ਹਨ ਇਕ ਤੀਸ ਮਾਰਖਾਂ ਮੈਂ ਹੀ ਹਾਂ ਸੋ ਦੰਗਾ ਕੀਤਾ ਸੁ। ਗ੍ਰਹਸਥ ਵਲੋਂ ਮੂੰਹ ਮੋੜ ਲਿਆ ਸੁ। ਕੀਹ ਲਿਆ ਹੈ ਸੰਸਾਰ ਵਿਚ ਜੋ ਏਸ ਨੇ ਲੈਣਾ ਹੈਸੀ। ਮਾਰ ਸੈਸਿਆਂ ਤੇ ਫਿਕਰਾਂ ਵਿਚ ਹੀ ਪਏ ਕਈ ਮਰ ੨ ਕੇ ਸੁਆਹ ਹੋਗਏ-ਕਈ ਖਪ ਮਰ ਰਹੇ ਹਨ "ਇਕਨੀਂ ਲਦਿਆ ਇਕ ਲਦਿ ਗਏ ਰਹਿੰਦੇ ਭੀ ਭੁਨਿ ਜਾਂਹਿ" ਸ਼ਾਬਾਸ਼ੇ

ਬਚਿਆ ! ਚੰਗਾ ਕੀਤਾ ਹਈ। ਸਾਡੇ ਭਾਗਾਂ ਵਿਚ ਤਾਂ ਇਹ ਦਾਤ ਨਹੀ, ਪਰ ਤੇਰੇ ਧੰਨ ਭਾਗ ਹਨ। ਇਤਯਾਦਕ ਕਈ ਤਰਾਂ ਨਾਲ ਲੋਕ ਚੰਗਾ ਚੰਗਾ ਆਖਨ ਲਗ ਜਾਂਦੇ ਹਨ। ਗੱਲ ਕੀਹ ਕਿ "ਸਚੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ" ਸਾਰਾ ਜਹਾਨ ਹੀ ਉਸਤਤਿ ਕਰਨ ਲਗ ਜਾਂਦਾ ਹੈ। ਪਰ ਸਚਾ ਪ੍ਰੇਮੀ ਤਾਂ ਮਨ ਵਿਚ ਏਹੀ ਤੁਕ ਪੜ੍ਹਦਾਹੈ ਕਿ "ਉਸਤਤਿ ਨਿੰਦਾ ਦੋਊ ਤਿਆਗਹੁ ਖੋਜਹੁ ਪਦ ਨਿਰਬਾਨਾ" ਹੇ ਪਿਆਰੇ ਮਨ ! ਇਨਾਂ ਲੋਕਾਂ ਦੀਆਂ ਉਸਤਤੀਆਂ ਤੇ ਨਿੰਦਾ ਦੋਹਾਂ ਦਾ ਹੀ ਤਿਆਗ ਕਰਕੇ ਤੂੰ ਨਿਰਬੰਧ ਪਦ ਜੋ ਨਿੱਤਮੁਕਤ ਸਰੂਪ ਪਰਮਾਤਮ ਪਦ ਹੈ ਉਸ ਦੀ ਹੀ ਖੋਜ ਕਰ। ਸੋ ਇਸ ਭਾਂਤ ਮਨ ਨੂੰ ਦ੍ਰਿੜ ਕਰਕੇ "ਲੋਗਨ ਕੀਆਂ ਵਡਿਆਈਆਂ ਬੈਸੰਤਰ ਪਾਗਉ। ਜਿਉਂ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਂਗਉ" ਅਰਥਾਤ ਲੋਕਾਂ ਦੀਆਂ ਵਡਿਆਈਆਂ ਨੂੰ ਅੰਗ ਵਿਚ ਪਾਕੇ ਮੈਂ ਫੂਕ ਦਿਆਂਗਾ ਭਾਵ ਇਹ, ਜੋ ਕੁਛ ਲੋੜ ਨਹੀਂ ਰਖਾਂਗਾ ਪਰ ਜਿਸ ਭਾਂਤ ਮੇਰਾ ਅਪਨਾ ਪਿਆਰਾ ਸਚਾ ਪ੍ਰੀਤਮ ਮਿਲ ਪਵੇ ਉਹ ਬੋਲ ਬੋਲਾਂਗਾ ਅਰਥ ਇਹ ਜੋ "ਉਸਤਤਿ ਨਿੰਦਾ ਕਰਉ ਨਰ ਕੋਈ। ਨਾਮੇ ਸ੍ਰੀ ਰੰਗ ਭੇਟਲ ਸੋਈ" ਕੇਵਲ ਭਜਨ ਕਰਕੇ ਪਿਆਰੇ ਨੂੰ ਹੀ ਪਾਵਨ ਦੀ ਮੇਰੀ ਸਿੱਕ ਹੈ-ਹੋਰ ਸੰਸਾਰੀ ਕਿਸੇ ਵਸਤੂ ਦੀ ਚਾਹ ਨਹੀਂ। ਸੋ ਲੌਕਕ ਮਾਨ ਨੂੰ ਭੀ ਦੁਖ ਮੰਨ ਕੇ ਇਸ ਪ੍ਰਕਾਰ ਜਦ ਸਚਾ ਪ੍ਰੇਮੀ ,ਤਿਆਗਦਾ ਹੈ-ਤਾਂ ਭਗਵੰਤ ਦੀ ਪ੍ਰੇਰਨਾ ਨਾਲ ਫੇਰ ਦੈਵੀ ਵਿਘਨ ਆਨ ਪ੍ਰਾਪਤ ਹੁੰਦੇ ਹਨ ਕਈ ਵਾਰ ਤਾਂ ਧਨ ਦੀ ਹਾਨੀ ਹੋ ਜਾਂਦੀ ਹੈ ਕਦੀ ਕੋਈ ਪਿਆਰੇ ਸਨਬੰਧੀ ਹੀ ਛੱਡ ਜਾਂਦੇ ਹਨ ਐਸੇ ੨ ਜੋ

ਆਦਮੀ ਦੀ ਹਿੰਮਤ ਤੋਂ ਬਾਹਰੇ ਦੁਖ ਹਨ ਇਹ ਅਧਿ-ਦੈਵਿਕ ਦੁਖ ਸਦੌਂਦੇ ਹਨ ਸੋ "ਧਨ ੨ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ । ਨਾਮ ਬਿਹੂਨੇ ਨਾਨਕਾ ਹੋਤ ਜਾਤਿ ਸਭ ਧੂਰਿ" "ਜੋ ਆਇਆ ਸੋ ਚਲਸੀ ਕੂੜਾ ਸਾਥਨ ਵੇਖ" ਧਨ ਸੰਪਦਾ ਯਾ ਸਨਬੰਧੀ ਆਦਿਕ ਦੇ ਵਿਜੋਗ ਸਮੇਂ ਭੀ ਐਸੇ ੨ ਵਾਕ ਚਿਤਾਰਕੇ ਜਦ ਉਹ ਅਧਿਕਾਰੀ ਆਪਨੇ ਨਿਸਚੇ ਤੋਂ ਨਹੀ ਡੋਲਦਾ ਤਾਂ ਫੇਰ ਐਸੇ ਭੀ ਵਿਘਨ ਪੈਨ ਲਗ ਜਾਂਦੇ ਹਨ ਕਿ ਜੋ ਕੁਛ ਮੂੰਹੋਂ ਬਚਨ ਬੋਲਨਾ ਪਰਤੱਖ ਹੋਜਾਨਾ ਜੋ ਸੰਕਲਪ ਮਨ ਵਿਚ ਹੋਜਾਨਾ ਉਸ ਨੇ ਤਤਕਾਲ ਫਲ ਪੈਨਾ-ਸੋ ਐਸੇ ਸਮੇ ਸਿਰ ਭੀ "ਰਿਧਿ ਸਿਧਿ ਚੇਟਕ ਚੇਟਕਈਆ" ਇਹ ਰਿਧੀਆਂ ਸਿਧੀਆਂ ਆਦਿਕ ਤਾਂ ਚੇਟ ਕੀ ਲੋਕ ਅਰਥਾਤ ਮਦਾਰੀ ਲੋਕ ਜੋ ਹਨ ਉਨਾਂ ਦੇ ਚੇਟਕ ਹਨ "ਜਨ ਕਉ ਨਾਮ ਵਡਾਈ ਸੋਭ" ਜਗਿਆਸੀ ਨੂੰ ਤਾਂ ਕੇਵਲ ਨਾਮੁ ਦੀ ਵਡਿਆਈ ਹੀ ਸੋਭਦੀ ਹੈ । ਤਾਂਤੇ ਹੇ ਮਨ "ਸਿਮਰਹੁ ੨ ਸਾਸ ੨ ਮਤ ਬਿਲਮ ਕਰੇਹੁ। ਛੋਡਿ ਪਰਪੰਚ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹੁ" ਸਭ ਪਰਪੰਚ ਦੀਆਂ ਕੂੜੀਆਂ ਪ੍ਰੀਤੀਆਂ ਛਡਕੇ ਸਵਾਸ ੨ ਸਿਮਰਣ ਕਰਦਾ ਹੋਇਆ ਪਰਮਾਤਮਾਂ ਨਾਲ ਹੀ ਰਚਿਆ ਰਹੋ । ਬਸ "ਏਹੀ ਤੇਰਾ ਅਉਸਰ ਏਹੀ ਤੇਰੀ ਬਾਰ' ਹੁਣੇ ਹੀ ਤੇਰਾ ਵੇਲਾ ਹੈ 'ਵੇਲਾ ਹੈ ਸੰਭਾਲ ਦਾਵ ਨ ਦੇਰ ਕਰ' । ਕਜੋਂਕਿ "ਪਉੜੀ ਛੁੜਕੀ ਫਿਰ ਹਾਥਿ ਨ ਆਵੈ" ਸਰੀਰ ਦਾ ਕੁਛ ਭਰੋਸਾ ਨਹੀ ਕੀਹ ਪਤਾ ਹੈ ਕਦ ਛੁਟ ਜਾਵੇ ਅਤੇ ਇਹ ਮੋਖ ਮਾਰਗ ਦੀ ਪੌੜੀ ਹਥੋਂ ਛੁਟੀ ਫੇਰ ਲਭਨੀ ਨਹੀਂ। ਤਾਂਤੇ "ਜਬ ਲਗ ਜਰਾ ਰੋਗ ਨਹੀਂ ਆਇਆ । ਜਬ ਲਗ ਕਾਲ

ਗ੍ਰਸੀ ਨਹੀ ਕਾਇਆ। ਜਬ ਲਗ ਬਿਕਲ ਭਈ ਨਹੀ ਬਾਣੀ। ਭਜੁ ਲੈ ਰੇਮਨ ਸਾਰਿੰਗ ਪਾਣੀ। ਅਬ ਨ ਭਜਸ ਭਜਸ ਕਬ ਭਾਈ। ਆਵੈ ਅੰਤ ਨ ਭਜਿਆ ਜਾਈ। ਜੋ ਕਿਛੁ ਕਰਹਿ ਸੋਈ ਅਬ ਸਾਰੁ। ਫਿਰ ਪਛੁਤਾਹੁ ਨ ਪਾਵਹੁ ਪਾਰੁ" ਐਸੇ ਐਸੇ ਵੈਰਾਗ ਤੇ ਉਤਸ਼ਾਹ ਭਰੇ ਬਚਨਾਂ ਦ੍ਵਾਰੇ ਜਦ ਉਹ ਕਿਸੇ ਤਰਾਂ ਭੀ ਇਨਾਂ ਪਰਬਲ ਮਾਇਕ ਧੋਖਿਆਂ ਵਿਚ ਨਹੀ ਅਟਕਦਾ ਤਾਂ ਫੇਰ ਸਰੀਰਕ ਰੋਗਾਂ ਦੀ ਭਰਮਾਰ ਅੱਚਨ ਚੇਤ ਹੋਨ ਲਗ ਪੈਂਦੀ ਹੈ ਸੋ ਓਸ ਨੂੰ ਭੀ ਇਸੇ ਤਰਾਂ ਦੇ ਹੀ ਵਿਚਾਰਾਂ ਅਤੇ "ਕਬੀਰ ਇਹ ਤਨ ਭਉਂਕਨਾ ਨਿਤ ੨ ਦੁਖੀਐ ਕਉਨ। ਕੰਨੀ ਤੁਜੇ ਦੇ ਰਹਾਂ ਕੰਤ੍ਰੀ ਵਗੇ ਪਉਨ" ਐਸਿਆਂ ੨ ਬਚਨਾਂ ਨਾਲ਼ ਸਿਰ ਤੋਂ ਟਪਾਕੇ ਅਰ ਇਸੇ ਭਾਂਤ ਭਜਨ ਅਭਯਾਸ ਵਿਚ ਇਕ ਟਕ ਪਰਚੇ ਹੋਏ ਮਨ ਨੂੰ ਜੋ ਬਿਨਾ ਕਿਸੇ ਨਮਿੱਤ ਦੇ ਫਿਕੇ ਪਨ ਅਥਵਾ ਉਦਾਸੀ ਦਾ ਧਕਾ (ਸਰੀਰਕ ਰੋਗਾਂ ਵਤ ਹੀ ਜਿਸਦਾ ਨਾਮ ਭੀ ਅਧਯਾਤਮਕ ਦੁਖ ਹੈ) ਆਨ ਵਜਦਾ ਹੈ ਤਦ ਉਸ ਵੇਲੇ ਭੀ "ਗੁਰ ਕਹਿਆ ਜੋ ਹੋਇ ਸੁ ਪ੍ਰਭ ਤੇ। ਤਬ ਕਾੜ੍ਹਾ ਛੋਡਿ ਅਚਿੰਤ ਹਮ ਸੋਤੇ" ਇਉਂ ਨਿਸਚਿੰਤ ਹੋਕੇ ਸਭ ਤਨ ਮਨ ਵਲੋਂ ਹੀ ਬੇ ਫਿਕਰ ਹੋਜਾਂਦਾ ਹੈ। ਬਸ ਜਦ ਇਹ ਅਵਸਥਾਹੋਈ ਤਾਂ ਜੀਉਂਦੇ ਮਰਣਾ ਸਿਧ ਹੋਗਿਆ।ਕਯੋਂਕਿ"ਰਾਮਕਸਉਟੀ ਸੋ ਸਹੈ ਜੋ ਮਰਜੀਵਾ ਹੋਇ"। ਇਸਤੋਂ ਅਗੇ ਫੇਰ ਵਿਘਨਾਂ ਦੀ ਕੋਈ ਠੌਰ ਨਹੀਂ ਰਹਿੰਦੀ ਕਯੋਂਕਿ "ਆਪੁ ਗਇਆ ਤਾਂ ਆਪਹਿ ਭਏ" ਜਦ ਆਪਾ ਭਾਵ ਉਠਿਗਿਆ ਤਾਂ ਜਗਯਾਸੂ ਪਰਮਾਤਮਾ ਨਾਲ਼ ਅਭੇਦ ਹੋਜਾਂਦਾ ਹੈ-"ਬ੍ਰਹਮ ਮਹਿ ਜਨ ਜਨ ਮਹਿ ਪਾਰਬ੍ਰਹਮ" ਇਸ ਬਚਨ ਅਨੁਸਾਰ ਉਸਦਾ ਤਾਂ

ਰੋਮ ੨ ਕਰਕੇ ਪਰਮਾਤਾ ਵਿਖੇ ਬਾਸਾ ਹੋਜਾਂਦਾਂ ਹੈ ਤੇ ਪਰ-ਮਾਤਮਾ ਦਾ ਉਸਦੇ ਰੋਮ ੨ ਵਿਖੇ ਨਿਵਾਸ ਹੋ ਜਾਂਦਾ ਹੈ। ਇਸਤੋਂ ਉਪ੍ਰੰਤ ਉਸ ਨੂੰ ਜਗਿਆਸੀ ਨਹੀਂ ਸਦਿਆ ਜਾਂਦਾ ਕਿੰਤੂ ਬ੍ਰਹਮਗਜ਼ਾਨੀਆਂ ਵਾਲੀ ਪਦਵੀ ਉਸਦਾ ਆਪਨਾ ਧਨ ਹੋ ਜਾਨ ਕਰਕੇ ਉਹ ਸਾਖਸ਼ਾਤ ਬ੍ਰਹਮਗਜ਼ਾਨੀ ਹੀ ਹੋ ਜਾਂਦਾ ਹੈ ॥

ਉਸਦੀ ਦਰਿਸ਼ਟੀ ਜਿਧਰ ਕਿਧਰ ਏਕਤਾ ਦੇ ਅੰਮ੍ਰਿਤ ਦੀ ਹੀ ਬਰਖਾ ਕਰਦੀ ਹੈ—:"ਏਕ ਅਚਾਰੁ ਰੰਗੁ ਇਕ ਰੂਪ। ਪਉਣ ਪਾਣੀ ਅਗਨੀ ਅਸ ਰੂਪ। ਏਕੋ ਭਵਰ ਭਵੈ ਤਿਹੁ ਲੋਇ। ਏਕੋ ਬੂਝੈ ਸੂਝੈ ਪਤਿ ਹੋਇ। ਗਜ਼ਾਨੁ ਧਿਆਨੁ ਲੈ ਸਮਸਰਿ ਰਹੇ" ਅਰਥਾਤ—ਸਭ ਇਕ ਜੈਸੀ ਹੀ ਕਰਨੀ ਕਰਦੇ ਹਨ—ਖਾਨਾ ਪੀਨਾ—ਉਠਨਾ ਬੈਠਨਾ ਚਲਨਾ ਫਿਰਨਾ—ਲੈਨਾ ਦੇਨਾ ਆਦ ਸਭ ਕਿਰਿਆ ਸਭ ਜੀਵਾਂ ਦੀ ਹੀ ਇਕ ਸਾਰਖੀ ਹੈ। ਦੇਸਾਂ ਦੇਸਾਂਤਰਾਂ ਦੇ ਇਸਤ੍ਰੀਆਂ ਪੁਰਖ ਸਭ ਇਕ ਭਾਂਤ ਦੇ ਹੀ ਗੋਰੇ—ਲਾਲ ਕਾਲੇ ਆਦ ਰੰਗਾਂ ਵਾਲੇ ਹਨ। ਇਕ ਸਮਾਨ ਹੀ ਸਭ ਦੇ ਅੰਗ ਹਨ। ਇਕ ਸਮਾਨ ਹੀ ਅਸਮਾਨ—ਇਕ ਸਮਾਨ ਹੀ ਪੌਣ—ਇਕ ਸਮਾਨ ਹੀ ਸਾਰੇ ਜਲ ਅਤੇ ਇਕ ਸਮਾਨ ਹੀ ਸਾਰੇ ਧਰਤੀ ਹੈ। ਇਕ ਸਮਾਨ ਹੀ ਸਭ ਸਰੀਰਾਂ ਦੇ ਅੰਦਰ ਜੀਵ ਹੈ—ਜੈਸਾ ਇਸਤ੍ਰੀਆਂ ਦੇ ਅੰਗ ੨ ਵਿਖੇ ਪੂਰਣ ਹੋਇਆ ਇਸ ਸ਼ਰੀਰ ਰੂਪੀ ਜੜ ਪੁਤਲੀ ਦਿਆਂ ਅੰਗਾਂ ਨੂੰ ਕਾਰਰਵਾਈ ਵਿਖੇ ਪਰਿਵਰਤ ਕਰਦਾ ਹੈ ਐਸਾ ਹੀ ਪੁਰਖਾਂ ਦੇ ਸਰੀਰਾਂ ਵਿਖੇ ਉਹੀ ਸਭ ਕਾਰ ਵਿਹਾਰ ਕਰਾਰਿਹਾ ਹੈ।

ਅਰੁ ਜਿਸਤਰਾਂ ਆਦਮੀਆਂ ਵਿਖੇ ਇਹ ਆਤਮ ਸੱਤਾ ਆਪਨਾ ਚਮਤਕਾਰ ਦਿਖਾ ਰਹੀ ਹੈ ਇਸੇ ਭਾਂਤ ਪਸੂਆਂ ਦੇ ਸਰੀਰਾਂ ਦੇ ਅੰਦਰ ਬਿਰਾਜਮਾਨ ਹੋਈ ਉਨਾਂ ਦੇ ਜੜ ਅੰਗਾਂ ਨੂੰ ਸਰਜੀਤ ਕਰ ਰਹੀ ਹੈ । ਅਤੇ ਜਿਸਤਰਾਂ ਪਸੂਆਂ ਦੇ ਅੰਦਰ ਉਹ ਪਸੂ ਰੂਪ ਹੋਕੇ ਛਪੀ ਹੋਈ ਆਪਨਾ ਪ੍ਰਭਾਵ ਪਰਗਟ ਕਰਦੀ ਹੈ ਉਸੇ ਤਰਾਂ ਹੀ ਪੰਛੀਆਂ ਦੇ ਅੰਦਰ ਇਸ ਥਿਤ ਹੋਕੇ ਉਹ ਉਨਾਂ ਤੋਂ ਨਾਨਾ ਭਾਂਤ ਦੇ ਕਲੋਲ ਕਰਾ ਰਹੀ ਹੈ । ਅਤੇ ਜਿਸ ਭਾਂਤ ਪੰਛੀਆਂ ਦੇ ਅੰਦਰੋਂ ਉਸਦੀਆਂ ਦਮਕਾਂ ਕਲੋਲ ਰੂਪ ਹੋਕੇ ਪ੍ਰਕਾਸ ਕਰਦੀਆਂ ਹਨ–ਉਸੇ ਤਰਾਂ ਹੀ ਬਿਰਛਾਂ ਵਿਚ ਰਸ ਰੂਪ ਹੋਕੇ ਉਨਾਂ ਨੂੰ ਵਧਾ ਫੁਲਾ ਰਹੀ ਹੈ ਅਰੁ ਜਿਸਤਰਾਂ ਬਿਰਛਾਂ ਵਿਚ ਰਸ ਰੂਪ ਉਹੀ ਹੈ ਉਸੇ ਤਰਾਂ ਫੁਲਾਂ ਵਿਚ ਸੁੰਦਰਤਾਈ ਤੇ ਸੁਗੰਧੀ ਉਹੋ ਹੈ । ਅਤੇ ਜਿਸ ਪ੍ਰਕਾਰ ਫੁਲਾਂ ਵਿਚ ਸੁਗੰਧੀ ਰੂਪ ਓਹ ਹੈ । ਉਸੇ ਪ੍ਰਕਾਰ ਫਲਾਂ ਵਿਚ ਸੁਆਦ ਰੂਪ ਉਹ ਹੈ ਅਰੁ ਜਿਸਤਰਾਂ ਫਲਾਂ ਵਿਚ ਸੁਆਦ ਉਹ ਹੈ ਉਸੇ ਤਰਾਂ ਫਲ਼ ਦੇ ਅੰਦਰਲੇ ਬੀ ਦੇ ਅੰਦਰ ਖਿਰਛ ਰੂਪ ਹੋਕੇ ਪ੍ਰਗਟ ਹੋਣ ਵਾਲੀ ਆਤਮ ਸੱਤਾ ਉਹੀ ਹੈ । ਮੂਲ਼ ਕੀਹ ਕਿ ਜੋ ਕੁਛ ਭੀ ਸੁੰਦਰਤਾਈ–ਜੋ ਕੁਛ ਭੀ ਪ੍ਰਕਾਸ ਸੰਸਾਰ ਭਰ ਵਿਚ ਭਾਸ ਰਿਹਾ ਹੈ–ਜੋ ਕੁਛ ਭੀ ਵਸਤੂ ਸੰਸਾਰ ਵਿਚ ਹੈ ਉਹ ਸਭ ਇਕ ਆਤਮ ਸੱਤਾ ਮਾਤ੍ਰ ਹੀ ਹੈ । ਇਸ ਪ੍ਰਕਾਰ ‘ਇਕ’ ਆਤਮ ਸੱਤਾ ਨੂੰ ਹੀ ਸਭ ਵਿਖੇ ਪਛਾਨਦਾ ਹੈ । ‘ਇਕ’ ਆਤਮ ਸੱਤਾ ਹੀ ਸਭ ਵਿਖੇ ਉਸਨੂੰ ਸੁਝਦੀ ਹੈ ਪਰ ਕਿਸਤਰਾਂ ਉਸਨੂੰ ਇਹ ਸਭ ਏਕਤਾ ਹੀ ਸੁਝਦੀ ਹੈ ‘ਪਤਿ ਹੋਇ’ ਇਸ ਏਕਤਾ ਦੇ ਆਪ ਹੀ ਪਤੀ ਅਰਥਾਤ

ਮਾਲਕ ਹੋਏ ੨ ਸੁਝਦੀ ਹੈ–ਭਾਵ ਇਹ ਕਿ ਇਹ ਉਸ ਨੂੰ ਸਰਬੱਤ ਏਕਤਾਈ ਕੇਵਲ ਆਪਨਾ ਚਮਤਕਾਰ ਮਾਤ੍ਰ ਹੀ ਦ੍ਰਿਸਟ ਔਂਦੀ ਹੈ ਕਿ "ਜੋ ਦੀਸੈ ਸੋ ਆਪੇ ਆਪਿ। ਆਪੇ ਜਪਿਉ ਆਪਨਾ ਜਾਪ" ਇਸਤਰਾਂ ਉਸਨੂੰ ਸਰਬਠੌਰ ਏਕਤਾ ਦਿਖਾਈ ਦਿੰਦੀ ਹੈ ਉਸਦਾ ਭਜਨ ਭੀ ਆਪਨੇ ਆਪ ਤੋਂ ਭਿੰਨ ਨਹੀ ਹੁੰਦਾ। ਐਸੇ ਗਿਆਨ ਧਿਆਨ ਨੂੰ ਲੈਕੇ-ਮਤਲਬ ਇਹ ਕਿ ਆਪਨੇ ਆਪ ਨੂੰ ਜਯੋਂਕਾ ਤਯੋਂ ਚੀਨਕੇ ਆਪਨੇ ਆਪ ਵਿਖੇ ਹੀ ਸੁਰਤ ਦੀ ਇਕ ਰਸਡੋਰੀ ਲਗਾਈ ਰਖਦਾ ਹੈ। ਅਰੁ "ਏਕੋ ਕਉ ਨਾਹੀ ਭਉ ਕੋਇ" ਇਸ ਭਾਂਤ ਏਕਤਾ ਦੇ ਪ੍ਰਭਾਵ ਕਰਕੇ ਨਿਰਭੈ ਪਦਵੀ ਵਿਖੇ ਇਸਥਿਤ ਹੋਇਆ ੨ ਹਰ ਹਾਲ ਵਿਚ ਹੀ ਇਕ ਸਮਾਨ ਅਵਸਥਾ ਵਿਖੇ ਰਹਿੰਦਾ ਹੈ। ਕਾਲ ਕਰਮ ਅਤੇ ਮਾਇਆ ਦਾ ਬੰਧਨ ਉਸ ਨੂੰ ਨਹੀਂ ਬਿਆਪ ਸਕਦਾ ਕਯੋਂਕਿ ਉਸਨੇ ਬ੍ਰਹਮ ਸਰੂਪ ਆਪਨੇ ਆਪ ਵਿਖੇ ਜਯੋਂਕਾ-ਤਯੋਂ ਨਿਸਚੇ ਕਰ ਲਿਆ ਹੈ ਤੇ "ਬਬਾ ਬ੍ਰਹਮ ਜਾਨਤ ਤੇ ਬ੍ਰਹਮਾ" ਬ੍ਰਹਮ ਨੂੰ ਜਾਨ ਲੈਨ ਕਰਕੇ ਉਹ ਆਪਹੀ ਬ੍ਰਹਮ ਸਰੂਪ ਹੋਗਿਆ ਹੈ ਇਸ ਵਾਸਤੇ "ਬ੍ਰਹਮ ਗਿਆਨੀ ਆਪ ਪਰਮੇਸ਼ਰ" ਨੂੰ ਹੁਣ ਕਿਸ ਦਾ ਭੈ ਹੋਵੇ।

ਭਾਂਵੇ ਵਾਚਕ ਗਿਆਨੀ ਅਜ ਕੱਲ ਅਨੰਤ ਹੀ ਲੱਭ ਸਕਦੇ ਹਨ ਪਰ ਜਾਂ ਕਦੀ ਕਸੌਟੀ ਤੇ ਕੱਸੇ ਜਾਨ ਦਾ ਵੇਲਾ ਔਂਦਾ ਹੈ ਤਾਂ 'ਝੂਠਾ ਟਿਕੈ ਨ ਕੋਇ' ਹਾਰੀ ਸਾਰੀ ਫੇਰ ਸੱਟ ਸਹਾਰਨ ਲਈ ਸਮਰੱਥ ਨਹੀ ਹੋ ਸਕਦਾ ਇਸੇ ਵਾਸਤੇ ਹੀ ਇਸ ਏਕਤਾਈ ਦੀ ਯਥਾਵਤ ਪ੍ਰਾਪਤੀ ਲਈ ਗੁਰੂ ਸਾਹਬ ਕਹਿੰਦੇ ਹਨ "ਗੁਰਮੁਖਿ ਏਕੁ ਵਿਰਲਾ ਕੋ ਲਹੈ"